ਪੰਨਾ ਨੰ.: 10

MP ਵਿਕਰਮਜੀਤ ਸਾਹਨੀ ਦੀ ਅਪੀਲ ਤੋਂ ਬਾਅਦ ਦਿਲਜੀਤ ਨੇ ਦਿੱਲੀ ਕੰਸਰਟ ਦੀ ਬਦਲੀ ਤਾਰੀਖ਼

ਅੰਦਰਲੀ ਖ਼ਬਰ

ਪੰਜਾਬ ਨੂੰ ਪਹਿਲੀ ਵਾਰ ਮਿਲੀ 'ਕੰਮ' ਕਰਨ ਵਾਲੀ ਸਰਕਾਰ: CM ਮਾਨ

ਅੰਦਰਲੀ ਖ਼ਬਰ

ਪਰਵਾਸੀ ਪੰਜਾਬੀ ਪੈਂਸ਼ਨਰਜ਼ ਐਸੋਸੀਏਸ਼ਨ ਨੇ ਕੀਤਾ ਆਪਣਾ ਭਰਵਾਂ ਸਲਾਨਾ ਇਜਲਾਸ

ਪੰਨਾ ਨੰ.:6 ਲੇਖ

ਉਂਕਾਰਪ੍ਰੀਤ ਦੀ 'ਕਣ-ਕਣ ਕਥਾ'- ਇੱਕ ਦ੍ਰਿਸ਼ਟੀਕੋਣ

PUNJABSTAR.COM

ਪੰਜਾਬ ਸਟਾਰ

Phone: 905-673-7666 , Fax: 1-289-206-8611

15 ਅਕਤੂਬਰ ਤੋਂ 21 ਅਕਤੂਬਰ, 2026

Email :- editor@punjabstar.com, Vo. 20. Issue:1259

ਅਮਰੀਕਾ ਦੇ ਵਿਸਕਾਨਸਿਨ 'ਚ ਜਹਾਜ਼ ਕਰੈਸ਼ ਹੋਣ ਕਾਰਨ 6 ਲੋਕਾਂ ਦੀ ਮੌਤ

(ਪੰਜਾਬ ਸਟਾਰ ਬਿਓਰੋ): ਅਮਰੀਕਾ ਦੇ ਵਿਸਕਾਨਸਿਨ ਵਿੱਚ ਮੰਗਲਵਾਰ ਰਾਤ ਨੂੰ ਇੱਕ ਜਹਾਜ਼ ਹਾਦਸੇ ਵਿੱਚ ਇੱਕ ਬੱਚੇ ਸਮੇਤ ਛੇ ਲੋਕਾਂ ਦੀ ਮੌਤ ਹੋ ਗਈ। ਹਾਦਸੇ ਤੋਂ ਪਹਿਲਾਂ, ਪਾਇਲਟ ਨੇ ਜਹਾਜ਼ ਦੇ ਖੰਭਾਂ 'ਤੇ ਬਰਫ਼ ਜੰਮਣ ਬਾਰੇ ਜਾਣਕਾਰੀ ਦਿੱਤੀ ਸੀ। ਛੇ ਸੀਟਾਂ ਵਾਲਾ, ਇੱਕ ਇੰਜਣ ਵਾਲਾ ਜਹਾਜ਼ ਕੇਨੋਸ਼ਾ ਤੋਂ ਮੈਨੋਮੋਨੀ ਜਾ ਰਿਹਾ ਸੀ। ਰਾਤ ਕਰੀਬ 10 ਵਜੇ ਇਹ ਜਹਾਜ਼ ਡੇਲੋਨਾ ਕਸਬੇ * ਬਾਕੀ ਸਫ਼ਾ 2 'ਤੇ

ਜਰਮਨੀ ਦੀ ਇੱਕ ਇਮਾਰਤ 'ਚ ਲੱਗੀ ਅੱਗ; ਤਿੰਨ ਭਾਰਤੀਆਂ ਦੀ ਮੌਤ: ਰਿਪੋਰਟ

(ਪੰਜਾਬ ਸਟਾਰ ਬਿਓਰੋ): ਜਰਮਨੀ ਦੇ ਬੋਖੁਮ ਸ਼ਹਿਰ ਵਿੱਚ ਇੱਕ ਰਿਹਾਇਸ਼ੀ ਇਮਾਰਤ ਵਿੱਚ ਅੱਗ ਲੱਗਣ ਕਾਰਨ ਤਿੰਨ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ। ਸਥਾਨਕ ਮੀਡੀਆ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਜਰਮਨੀ ਦੇ ਜਨਤਕ ਪ੍ਰਸਾਰਕ (ਪਬਲਿਕ ਬ੍ਰੌਡਕਾਸਟਰ) ਡਬਲਯੂ ਡੀ ਆਰ (WDR) ਨੇ ਬੋਖੁਮ ਪੁਲੀਸ ਵੱਲੋਂ ਜਾਰੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਮ੍ਰਿਤਕਾਂ ਵਿੱਚ 25 ਅਤੇ 27 ਸਾਲ ਦੀਆਂ ਦੋ ਔਰਤਾਂ ਅਤੇ * ਬਾਕੀ ਸਫ਼ਾ 2 'ਤੇ

ਪਾਕਿਸਤਾਨ ਦੇ ਪੇਸ਼ਾਵਰ 'ਚ ਸਕੂਲ ਦੀ ਡਿੱਗੀ ਛੱਤ, 21 ਲੋਕਾਂ ਦੀ ਮੌਤ

ਮ੍ਰਿਤਕਾਂ 'ਚ 20 ਬੱਚੇ ਅਤੇ ਇੱਕ ਮਹਿਲਾ ਅਧਿਆਪਿਕਾ ਸ਼ਾਮਲ

(ਪੰਜਾਬ ਸਟਾਰ ਬਿਓਰੋ): ਪਾਕਿਸਤਾਨ ਦੇ ਪੇਸ਼ਾਵਰ ਵਿੱਚ ਅੱਜ ਇਕ ਨਿੱਜੀ ਸਕੂਲ ਦੀ ਛੱਤ ਡਿੱਗਣ ਕਾਰਨ 21 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ 20 ਵਿਦਿਆਰਥੀ ਅਤੇ ਇੱਕ ਮਹਿਲਾ ਅਧਿਆਪਕਾ ਸ਼ਾਮਲ ਹਨ। ਸਾਰੇ ਬੱਚੇ 13 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਹਨ। ਇਹ ਘਟਨਾ ਡੀਅਰ ਕਲੋਨੀ ਇਲਾਕੇ ਵਿੱਚ ਵਾਪਰੀ। 40 ਤੋਂ ਵੱਧ ਲੋਕ ਜ਼ਖ਼ਮੀ ਵੀ ਹੋਏ ਹਨ। ਉਨ੍ਹਾਂ ਦੇ ਇਲਾਜ ਲਈ ਹਸਪਤਾਲ ਵਿੱਚ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ ਹੈ। ਹਸਪਤਾਲ ਦੇ ਟਰਾਮਾ * ਬਾਕੀ ਸਫ਼ਾ 2 'ਤੇ

ਕੈਨੇਡਾ 'ਚ ਫਿਰੌਤੀ ਅਤੇ ਗੋਲੀਬਾਰੀ ਦੇ 59 ਮਾਮਲਿਆਂ 'ਚ ਲੋੜੀਂਦੇ 17 ਵਿਅਕਤੀਆਂ ਦੀਆਂ ਫ਼ੋਟੋਆਂ ਜਾਰੀ

(ਪੰਜਾਬ ਸਟਾਰ ਬਿਓਰੋ): ਕੈਲਗਰੀ ਪੁਲੀਸ ਨੇ ਲੰਮੀ ਜਾਂਚ ਤੋਂ ਬਾਅਦ ਮਿਲੇ ਸਬੂਤਾਂ ਦੇ ਆਧਾਰ ਉੱਤੇ ਫਿਰੌਤੀ ਅਤੇ ਗੋਲੀਬਾਰੀ ਦੇ 59 ਮਾਮਲਿਆਂ ਵਿੱਚ ਸ਼ਾਮਲ 17 ਵਿਅਕਤੀਆਂ ਦੀਆਂ ਫ਼ੋਟੋਆਂ ਜਾਰੀ ਕੀਤੀਆਂ ਹਨ। ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਪੁਲੀਸ ਨੇ ਆਮ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਨੌਜਵਾਨ ਸਟੱਡੀ ਪਰਮਿਟ 'ਤੇ ਕੈਨੇਡਾ ਪੜ੍ਹਨ ਆਏ ਸਨ।

ਪੁਲੀਸ ਅਨੁਸਾਰ ਇਨ੍ਹਾਂ ਵਿੱਚੋਂ ਬਹੁਤੇ ਨੌਜਵਾਨ ਪੜ੍ਹਾਈ ਕਰਨ ਦੀ ਥਾਂ ਗ਼ਲਤ ਸੰਗਤ ਵਿੱਚ ਪੈ ਕੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋ ਗਏ। ਪੁਲੀਸ ਨੇ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਵਿੱਚ ਜ਼ਿਆਦਾਤਰ ਛੋਟੀ ਉਮਰ ਦੇ ਨੌਜਵਾਨ ਹਨ। ਪੁਲੀਸ ਨੇ ਭਰੋਸਾ ਪ੍ਰਗਟਾਇਆ ਹੈ ਕਿ ਤਸਵੀਰਾਂ ਅਤੇ ਨਾਮ ਜਾਰੀ ਹੋਣ ਤੋਂ ਬਾਅਦ ਲੋਕ ਇਨ੍ਹਾਂ ਦੀ ਪਛਾਣ ਕਰਕੇ ਪੁਲੀਸ ਨੂੰ ਜ਼ਰੂਰ ਸੂਚਿਤ ਕਰਨਗੇ। ਸੂਚਨਾ ਦੇਣ ਵਾਲਿਆਂ ਨੂੰ ਪੂਰਾ ਭਰੋਸਾ ਦਿੱਤਾ ਗਿਆ ਹੈ ਕਿ ਉਨ੍ਹਾਂ ਦੀ ਪਛਾਣ ਬਿਲਕੁਲ ਗੁਪਤ ਰੱਖੀ ਜਾਵੇਗੀ, ਇਸ ਲਈ ਉਹ ਬਿਨਾਂ ਕਿਸੇ ਡਰ ਤੋਂ ਪੁਲੀਸ ਨਾਲ ਸੰਪਰਕ ਕਰ ਸਕਦੇ ਹਨ। ਪੁਲੀਸ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ 59 ਮਾਮਲੇ ਪਹਿਲਾਂ ਹੀ ਦਰਜ ਹੋ ਚੁੱਕੇ ਹਨ। ਇਹ ਵੀ ਖਦਸ਼ਾ ਪ੍ਰਗਟਾਇਆ ਗਿਆ ਹੈ ਕਿ ਇਨ੍ਹਾਂ ਵਿੱਚੋਂ ਕੁਝ ਮੁਲਜ਼ਮ * ਬਾਕੀ ਸਫ਼ਾ 2 'ਤੇ

ਕੈਨੇਡਾ 'ਚ ਮੁੜ ਵੱਧ ਸਕਦੀ ਹੈ ਇਮੀਗ੍ਰੇਸ਼ਨ!

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦਿੱਤੇ ਸੰਕੇਤ

ਆਬਾਦੀ ਵਧਾਉਣ ਲਈ 'ਨਿਯੰਤਰਿਤ ਵਾਧੇ' 'ਤੇ ਵਿਚਾਰ ਸ਼ੁਰੂ; ਫਿਲਹਾਲ ਹਰ ਸਾਲ 3.80 ਲੱਖ ਪੀ.ਆਰ. ਦੇਣ ਦਾ ਟੀਚਾ



ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਵਿੱਚ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਬਹਿਸ ਇੱਕ ਵਾਰ ਫਿਰ ਤੇਜ਼ ਹੋਣ ਦੇ ਆਸਾਰ ਹਨ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੰਕੇਤ ਦਿੱਤੇ ਹਨ ਕਿ ਸਰਕਾਰ ਹੁਣ ਇਸ ਗੱਲ 'ਤੇ ਵਿਚਾਰ ਕਰ ਰਹੀ ਹੈ ਕਿ ਦੇਸ਼ ਦੀ ਆਬਾਦੀ ਵਿੱਚ ਮੁੜ ਕਦੋਂ ਅਤੇ ਕਿਸ ਤਰ੍ਹਾਂ ਨਿਯੰਤਰਿਤ ਵਾਧਾ ਕੀਤਾ ਜਾ ਸਕਦਾ ਹੈ। ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਫੈਡਰਲ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਇਮੀਗ੍ਰੇਸ਼ਨ ਦੇ ਟੀਚਿਆਂ ਵਿੱਚ ਕਟੌਤੀ ਕਰਕੇ ਆਬਾਦੀ ਦੇ ਵਾਧੇ ਨੂੰ ਕਾਬੂ ਕਰਨ ਦੀ ਨੀਤੀ ਅਪਣਾਈ ਸੀ। * ਬਾਕੀ ਸਫ਼ਾ 2 'ਤੇ

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਕਾਰਨ ਕੈਨੇਡਾ ਤੋਂ ਭਾਰਤ ਦੇ ਹਵਾਈ ਕਿਰਾਇਆਂ ਵਿੱਚ ਵਾਧਾ

(ਪੰਜਾਬ ਸਟਾਰ ਬਿਓਰੋ) : ਪੰਜਾਬ ਵਿੱਚ ਅਗਲੇ ਸਾਲ ਦੇ ਪਹਿਲੇ ਮਹੀਨਿਆਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਰੰਗ-ਢੰਗ ਵੇਖਣ ਲਈ ਕੈਨੇਡਾ ਵੱਸੇ ਭਾਰਤੀਆਂ ਦੇ ਮਨਾਂ ਵਿੱਚ ਪੂਰਾ ਉਤਸ਼ਾਹ ਹੋਣ ਦੇ ਸੰਕੇਤ ਮਿਲਣ ਲੱਗੇ ਹਨ। * ਬਾਕੀ ਸਫ਼ਾ 2 'ਤੇ

ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ

(ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਭਾਰਤ ਅਤੇ ਕੈਨੇਡਾ ਵਿਚਾਲੇ ਵਪਾਰ, ਤਕਨਾਲੋਜੀ ਅਤੇ ਊਰਜਾ ਦੇ ਖੇਤਰਾਂ ਵਿੱਚ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਕੈਨੇਡਾ ਦੇ ਨਾਲ ਇੱਕ ਰਚਨਾਤਮਕ ਅਤੇ ਦੂਰਦਰਸ਼ੀ ਰਣਨੀਤਕ ਭਾਈਵਾਲੀ ਵਿਕਸਤ ਕਰਨ ਲਈ ਵਚਨਬੱਧ ਹੈ, ਜਿਸ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਫਾਇਦਾ ਮਿਲ ਸਕੇ।

ਮੋਦੀ ਨੇ 'ਐਕਸ' (X) * ਬਾਕੀ ਸਫ਼ਾ 2 'ਤੇ

ਕੈਨੇਡਾ 'ਚ ਵਿਧਾਨ ਸਭਾ 'ਚ 'ਸਿੱਖ ਵਿਰੋਧੀ ਨਫ਼ਰਤ' ਖ਼ਿਲਾਫ਼ ਇਤਿਹਾਸਕ ਮਤਾ ਸਰਬਸੰਮਤੀ ਨਾਲ ਪਾਸ

(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਸੂਬੇ ਮੈਨੀਟੋਬਾ ਵਿੱਚ ਸਿੱਖ ਭਾਈਚਾਰੇ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਖ਼ਿਲਾਫ਼ ਸਿਆਸੀ ਪੱਧਰ 'ਤੇ ਅਹਿਮ ਆਵਾਜ਼ ਉੱਠੀ ਹੈ। ਬਰੋਜ਼ ਹਲਕੇ ਤੋਂ ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ.) ਦੇ ਵਿਧਾਇਕ ਦਿਲਜੀਤ ਪਾਲ ਬਰਾੜ ਵੱਲੋਂ ਪੇਸ਼ ਕੀਤਾ ਗਿਆ 'ਸਿੱਖ ਵਿਰੋਧੀ ਨਫ਼ਰਤ ਖ਼ਿਲਾਫ਼ ਖੜ੍ਹੇ ਹੋਣਾ' ਸਿਰਲੇਖ ਵਾਲਾ ਮਤਾ ਮੈਨੀਟੋਬਾ ਦੀ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਪਾਸ ਹੋ ਗਿਆ। ਇਸ ਮਤੇ ਰਾਹੀਂ ਸਿੱਖ ਭਾਈਚਾਰੇ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਨਸਲਵਾਦ, ਧਾਰਮਿਕ ਵਿਤਕਰੇ ਅਤੇ ਅਸਹਿਣਸ਼ੀਲਤਾ ਦੀ ਸਖ਼ਤ ਨਿਖੇਧੀ ਕੀਤੀ ਗਈ। ਮਤਾ ਨੋਟਿਸ ਨੰਬਰ 16 ਵਜੋਂ ਪੇਸ਼ ਕੀਤਾ ਗਿਆ ਸੀ। ਇਸ ਨੂੰ ਸਾਰੀਆਂ ਪਾਰਟੀਆਂ ਦਾ ਸਮਰਥਨ ਮਿਲਿਆ, ਜਿਨ੍ਹਾਂ ਵਿੱਚ ਲਿਬਰਲ ਪਾਰਟੀ ਦੀ ਵਿਧਾਇਕ ਸਿੰਡੀ ਲੈਮੂਰਸ ਅਤੇ ਐੱਨ.ਡੀ.ਪੀ. ਦੇ ਵਿਧਾਇਕ ਜੇ.ਡੀ. ਦੇਵਗਨ ਵੀ ਸ਼ਾਮਲ ਸਨ।

ਮਤੇ ਵਿੱਚ ਕਿਹਾ ਗਿਆ ਕਿ ਮੈਨੀਟੋਬਾ ਦੀ ਅਸਲ ਤਾਕਤ ਇਸ ਦੀ ਵਿਭਿੰਨਤਾ ਵਿੱਚ ਵੱਸਦੀ ਹੈ। ਸਿੱਖ ਭਾਈਚਾਰੇ ਨੇ ਸੂਬੇ ਅਤੇ ਸਮੁੱਚੇ ਕੈਨੇਡਾ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਜਨਤਕ ਜੀਵਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿਹਤ ਸੰਭਾਲ, ਡਾਕਟਰੀ ਵਿਗਿਆਨ, ਸਿੱਖਿਆ, ਜਨਤਕ ਸੇਵਾ, ਨਿਆਂ ਪ੍ਰਸ਼ਾਸਨ, ਰਾਜਨੀਤੀ, ਖੇਡਾਂ ਅਤੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਤੇ ਗਣਿਤ ਵਰਗੇ ਖੇਤਰਾਂ ਵਿੱਚ ਸਿੱਖ ਭਾਈਚਾਰੇ ਦੇ * ਬਾਕੀ ਸਫ਼ਾ 2 'ਤੇ

ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

ਕਰਜ਼ੇ ਦੀ ਸਿਰਦਰਦੀ ?

www.MakeMeDebtFree.ca

• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available

1888-864-3131

Jasbir Singh Hundal
Registered Credit Counsellor

416-502-3100

Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS

We Help Get You the Compensation You Deserve

Book a free consultation:

1-833-BRAR-LAW

PERSONAL INJURY

- Auto Accident
- Pedestrian Hit Accident
- Slip & Fall
- Bicycle Accident
- Family Member Claims
- Short & Long-Term Disability
- CPP Disability
- Wrongful Death & Fata accidents

Harjit Brar
Sales Representat ve
416-417-6010

FOR ALL YOUR REAL ESTATE NEEDS

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090

Vik Mehmi
Broker
416-500-6262

ਪੰਜਾਬ ਸਟਾਰ PUNJABSTAR.COM www.punjabstar.com

ਅਮਰੀਕਾ ਦੀ ਮੁਸਲਮਾਨ ਐਮ.ਪੀ. ਦੇ ਘਰ ਇੰਮੀਗ੍ਰੇਸ਼ਨ ਛਾਪਾ

ਇਲਹਾਨ ਓਮਰ ਨੇ ਕਾਰਵਾਈ ਨੂੰ ਸਿਆਸੀ ਬਦਲਾਖੋਰੀ ਕਰਾਰ ਦਿੱਤਾ

ਵਾਸ਼ਿੰਗਟਨ : ਗੈਰਕਾਨੂੰਨੀ ਪ੍ਰਵਾਸੀਆਂ ਦੇ ਨਾਲੋ-ਨਾਲ ਅਮਰੀਕਾ ਦੇ ਸੰਸਦ ਮੈਂਬਰਾਂ ਉਤੇ ਇੰਮੀਗ੍ਰੇਸ਼ਨ ਛਾਪੇ ਸ਼ੁਰੂ ਹੋ ਚੁੱਕੇ ਹਨ ਅਤੇ ਪਹਿਲਾ ਨਿਸ਼ਾਨਾ ਟਰੰਪ ਦੇ ਕੱਟੜ ਸਿਆਸੀ ਦੁਸ਼ਮਣਾਂ ਵਿਚੋਂ ਇਕ ਇਲਹਾਨ ਓਮਰ ਬਣੀ ਹੈ। ਇੰਮੀਗ੍ਰੇਸ਼ਨ ਦਸਤਾਵੇਜ਼ਾਂ ਦੀ ਪੜਤਾਲ ਕਰਨ ਹੋਮਲੈਂਡ ਸਕਿਓਰਿਟੀ ਡਿਪਾਰਟਮੈਂਟ ਦੀ ਟੀਮ ਸੋਮਵਾਰ ਨੂੰ ਇਲਹਾਲ ਓਮਰ ਦੀ ਵਾਸ਼ਿੰਗਟਨ ਡੀ.ਸੀ. ਵਾਲੀ ਰਿਹਾਇਸ਼ 'ਤੇ ਪੁੱਜੀ। ਉਧਰ, ਸੋਮਾਲੀਆ ਮੂਲ ਦੀ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੀ ਮੈਂਬਰ ਇਲਹਾਨ ਓਮਰ ਨੇ ਸੋਸ਼ਲ ਮੀਡੀਆ ਰਾਹੀਂ ਟਿੱਪਣੀ ਕਰਦਿਆਂ ਕਿਹਾ ਕਿ ਕੋਈ ਕੋਤਾਹੀ ਨਾ ਹੋਣ ਦੇ ਬਾਵਜੂਦ ਕਾਨੂੰਨ ਦੀ ਦੁਰਵਰਤੋਂ ਕਰਦਿਆਂ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ 10 ਸਾਲ ਤੋਂ ਡੋਨਲਡ ਟਰੰਪ ਬੇਬੁਨਿਆਦ ਦੋਸ਼ ਲਾ ਰਹੇ ਹਨ ਅਤੇ ਅੱਜ ਤਾਂ ਹੱਦ ਹੀ ਹੋ ਗਈ ਜਦੋਂ ਫ਼ੈਡਰਲ ਲਾਅ ਐਨਫੋਰਸਮੈਂਟ ਅਫ਼ਸਰਾਂ ਦੀ ਟੀਮ ਨੇ ਦਰਵਾਜ਼ਾ ਖੜਕਾ ਦਿੱਤਾ। ਅਜਿਹੀਆਂ ਹਰਕਤਾਂ ਮੇਰੀ ਆਵਾਜ਼ ਦਬਾ ਨਹੀਂ ਸਕਦੀਆਂ। ਇਸੇ ਦੌਰਾਨ ਜਸਟਿਸ ਡਿਪਾਰਟਮੈਂਟ ਦੇ ਇਕ ਬੁਲਾਰੇ ਨੇ ਕਿਹਾ ਕਿ ਵਾਸ਼ਿੰਗਟਨ ਡੀ.ਸੀ. ਵਿਖੇ ਇਕ ਨਿਆਂਇਕ ਤਲਾਸ਼ੀ ਵਾਰੰਟ ਦੀ ਤਾਮੀਲ ਕੀਤੀ ਗਈ। ਬੁਲਾਰੇ ਨੇ ਅੱਗੇ ਦੱਸਿਆ ਕਿ ਫ਼ੈਡਰਲ ਇਨਵੈਸਟੀਗੇਸ਼ਨ ਦੇ ਸਿਲਸਿਲੇ ਤਹਿਤ ਇਹ ਕਾਰਵਾਈ ਕੀਤੀ ਗਈ। ਦੱਸ ਦੇਈਏ ਕਿ ਛਾਪੇ ਬਾਰੇ ਪਹਿਲੀ ਰਿਪੋਰਟ ਫ਼ੌਕਸ ਨਿਊਜ਼ ਵੱਲੋਂ ਪ੍ਰਸਾਰਤ ਕੀਤੀ ਗਈ ਅਤੇ ਟਰੰਪ ਦੇ ਬਾਰਡਰ ਜ਼ਾਰ ਟੌਮ ਹੋਮਨ ਦੀ ਉਹ ਚਿਤਾਵਨੀ ਉਭਰ ਕੇ ਸਾਹਮਣੇ ਆਈ ਜਿਸ ਤਹਿਤ ਇਲਹਾਨ ਓਮਰ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਸੀ ਕਿ ਕੋਈ ਵੀ ਕਾਨੂੰਨ ਤੋਂ ਉਪਰ ਨਹੀਂ।

ਪੇਜ ਇੱਕ ਦੀ ਬਾਕੀ

ਅਮਰੀਕਾ ਦੇ ਵਿਸਕਾਨਸਿਨ...

ਵਿੱਚ ਮਿਰਰ ਲੇਕ ਸਟੇਟ ਪਾਰਕ ਦੇ ਨੇੜੇ ਇੱਕ ਜੰਗਲ ਵਿੱਚ ਹਾਦਸਾਗ੍ਰਸਤ ਹੋ ਗਿਆ। ਘਟਨਾ ਦੇ ਸਮੇਂ, ਇਲਾਕੇ ਵਿੱਚ ਮੀਂਹ ਪੈ ਰਿਹਾ ਸੀ ਅਤੇ ਤੂਫ਼ਾਨ ਚੱਲ ਰਿਹਾ ਸੀ। ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (NTSB) ਦੇ ਅਨੁਸਾਰ, ਪਾਇਲਟ ਨੇ ਏਅਰ ਟ੍ਰੈਫਿਕ ਕੰਟਰੋਲਰ ਨੂੰ ਜਹਾਜ਼ ਦੇ ਖੰਭਾਂ 'ਤੇ ਬਰਫ਼ ਜੰਮਣ ਬਾਰੇ ਸੂਚਿਤ ਕੀਤਾ ਸੀ। ਉਸ ਸਮੇਂ, 'ਪਾਈਪਰ ਫਮ-46' ਜਹਾਜ਼ 24,000 ਫੁੱਟ ਦੀ ਉਚਾਈ 'ਤੇ ਉੱਡ ਰਿਹਾ ਸੀ। ਪਾਇਲਟ ਨੇ ਹੇਠਾਂ ਆਉਣ ਲਈ ਇਜਾਜ਼ਤ ਮੰਗੀ ਸੀ।

ਏਅਰ ਟ੍ਰੈਫਿਕ ਕੰਟਰੋਲ ਨੇ ਜਹਾਜ਼ ਨੂੰ ਹੇਠਾਂ ਆਉਣ ਦੀ ਇਜਾਜ਼ਤ ਦੇ ਦਿੱਤੀ। ਇਸ ਤੋਂ ਬਾਅਦ ਜਹਾਜ਼ ਸੱਜੇ ਪਾਸੇ ਮੁੜਦੇ ਹੋਏ ਹੇਠਾਂ ਆਉਣ ਲੱਗਾ। 'ਠਸ਼ਭ ਨੇ ਦੱਸਿਆ ਕਿ ਇਹ ਮੋੜ ਹੌਲੀ-ਹੌਲੀ ਹੋਰ ਜ਼ਿਆਦਾ ਤਿੱਖਾ ਹੁੰਦਾ ਗਿਆ। ਇਸ ਤੋਂ ਬਾਅਦ, ਜਹਾਜ਼ ਨਾਲ ਸੰਪਰਕ ਟੁੱਟ ਗਿਆ ਅਤੇ ਇਸਦੇ ਡੇਟਾ ਦੀ ਨਿਗਰਾਨੀ ਵੀ ਬੰਦ ਹੋ ਗਈ। ਅਧਿਕਾਰੀਆਂ ਅਨੁਸਾਰ, ਇਸ ਘਟਨਾ ਵਿੱਚ ਜ਼ਮੀਨ 'ਤੇ ਮੌਜੂਦ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ। ਕਿਸੇ ਇਮਾਰਤ ਜਾਂ ਹੋਰ ਢਾਂਚੇ ਨੂੰ ਵੀ ਕੋਈ ਨੁਕਸਾਨ ਨਹੀਂ ਪਹੁੰਚਿਆ।

ਪਾਕਿਸਤਾਨ ਦੇ ਪੇਸ਼ਾਵਰ...

ਵਾਰਡ ਵਿੱਚ ਡਾਕਟਰਾਂ ਅਤੇ ਹੋਰ ਅਮਲੇ ਨੂੰ ਤਾਇਨਾਤ ਕੀਤਾ ਗਿਆ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਇਸ ਹਾਦਸੇ ਵਿੱਚ ਹੋਈਆਂ ਜਾਨੀ ਨੁਕਸਾਨਾਂ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਅਤੇ ਪ੍ਰਾਥਰਨਾ ਕੀਤੀ ਕਿ ਪੀੜਤਾਂ ਨੂੰ ਇਸ ਔਖੇ ਸਮੇਂ ਨੂੰ ਸਹਿਣ ਕਰਨ ਦੀ ਹਿੰਮਤ ਮਿਲੇ। ਪ੍ਰਧਾਨ ਮੰਤਰੀ ਨੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਖ਼ਮੀਆਂ ਨੂੰ ਬਿਹਤਰੀਨ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਜਾਵੇ ਅਤੇ ਬਚਾਅ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇ।

ਖੈਬਰ ਪਖਤੂਨਖਵਾ ਦੇ ਗਵਰਨਰ ਫੈਸਲ ਕਰੀਮ ਕੁੰਡੀ ਨੇ ਵੀ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਹਾਦਸੇ ਵਿਚ ਜਾਨ ਗੁਆਉਣ ਵਾਲੇ ਬੱਚਿਆਂ ਦੇ ਪਰਿਵਾਰਾਂ ਨਾਲ ਸੰਵੇਦਨਾ ਪ੍ਰਗਟਾਈ। ਗਵਰਨਰ ਨੇ ਕਿਹਾ ਕਿ ਮਾਸੂਮ ਬੱਚਿਆਂ ਦੀ ਮੌਤ ਇੱਕ ਬਹੁਤ ਹੀ ਦੁਖਦਾਈ ਘਟਨਾ ਹੈ।

ਉਨ੍ਹਾਂ ਨੇ ਜ਼ਖ਼ਮੀ ਬੱਚਿਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ ਅਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਨੂੰ ਉਚਿਤ ਡਾਕਟਰੀ ਦੇਖਭਾਲ ਮਿਲਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਤੋਂ ਸਕੂਲ ਦੀ ਛੱਤ ਡਿੱਗਣ ਬਾਰੇ ਵਿਸਤ੍ਰਿਤ ਰਿਪੋਰਟ ਮੰਗੀ ਹੈ ਅਤੇ ਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਵੀ ਨਿਰਦੇਸ਼ ਦਿੱਤੇ ਹਨ।

ਜਰਮਨੀ ਦੀ ਇੱਕ...

26 ਸਾਲਾ ਇੱਕ ਨੌਜਵਾਨ ਸ਼ਾਮਲ ਹੈ ਅਤੇ ਇਹ ਤਿੰਨੇ ਭਾਰਤੀ ਨਾਗਰਿਕ ਸਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਫਿਲਹਾਲ ਉਨ੍ਹਾਂ ਦੀ ਪਛਾਣ ਅਤੇ ਭਾਰਤ ਵਿੱਚ ਉਨ੍ਹਾਂ ਦੇ ਸੂਬਿਆਂ ਬਾਰੇ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ।

ਮੰਗਲਵਾਰ ਤੜਕੇ ਵਾਪਰੀ ਇਸ ਘਟਨਾ ਵਿੱਚ ਪੰਜ ਹੋਰ ਲੋਕ ਵੀ ਜ਼ਖ਼ਮੀ ਹੋਏ ਹਨ। ਮੀਡੀਆ ਰਿਪੋਰਟ ਵਿੱਚ ਉਨ੍ਹਾਂ ਦੀ ਨਾਗਰਿਕਤਾ ਅਤੇ ਹੋਰ ਵੇਰਵੇ ਨਹੀਂ ਦਿੱਤੇ ਗਏ ਹਨ। ਜਰਮਨ ਨਿਊਜ਼ ਚੈਨਲ ਐਨ-ਟੀਵੀ (n-tv) ਨੇ ਜਰਮਨ ਨਿਊਜ਼ ਏਜੰਸੀ ਡੀ.ਪੀ.ਏ (dpa) ਦੇ ਹਵਾਲੇ ਨਾਲ ਦੱਸਿਆ ਕਿ ਪੁਲੀਸ ਨੇ ਇਮਾਰਤ ਵਿੱਚ ਰਹਿਣ ਵਾਲੇ ਇੱਕ 41 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਰੋਮਾਨੀਆ ਦਾ ਨਾਗਰਿਕ ਹੈ।

ਜਾਂਚਕਰਤਾਵਾਂ ਨੇ ਅੱਗ ਲੱਗਣ ਦਾ ਕਾਰਨ ਕਿਸੇ ਤਕਨੀਕੀ ਖਰਾਬੀ ਕਾਰਨ ਹੋਣ ਦੇ ਖਦਸ਼ੇ ਨੂੰ ਰੱਦ ਕਰ ਦਿੱਤਾ ਹੈ ਅਤੇ ਜਾਣਬੁੱਝ ਕੇ ਅੱਗ ਲਾਉਣ ਦਾ ਸ਼ੱਕ ਜਤਾਇਆ ਹੈ। ਹਾਲਾਂਕਿ, ਅੱਗ ਜਾਣਬੁੱਝ ਕੇ ਲਗਾਈ ਗਈ ਸੀ ਜਾਂ ਕਿਸੇ ਹਾਦਸੇ ਕਾਰਨ ਲੱਗੀ, ਇਸ ਬਾਰੇ ਜਾਂਚ ਅਜੇ ਜਾਰੀ ਹੈ।

ਇਹ ਅੱਗ ਮੰਗਲਵਾਰ ਤੜਕੇ ਬੋਖੁਮ ਦੇ ਹੋਫਸਟੇਡ ਇਲਾਕੇ ਵਿੱਚ ਸਥਿਤ ਇੱਕ ਬਹੁ-ਮੰਜ਼ਿਲਾ ਰਿਹਾਇਸ਼ੀ ਇਮਾਰਤ ਵਿੱਚ ਲੱਗੀ ਸੀ। ਸਥਾਨਕ ਸਮੇਂ ਅਨੁਸਾਰ ਤੜਕੇ ਲਗਪਗ 4:15 ਵਜੇ ਐਮਰਜੈਂਸੀ ਸੇਵਾਵਾਂ ਨੂੰ ਇਸ ਘਟਨਾ ਦੀ ਸੂਚਨਾ ਦਿੱਤੀ ਗਈ ਸੀ।

ਕੈਨੇਡਾ 'ਚ ਫਿਰੌਤੀ...

ਭਾਰਤ ਵੀ ਫ਼ਰਾਰ ਹੋ ਗਏ ਹੋ ਸਕਦੇ ਹਨ। ਜੇਕਰ ਕੋਈ ਉਨ੍ਹਾਂ ਦੇ ਟਿਕਾਣੇ ਬਾਰੇ ਸਹੀ ਜਾਣਕਾਰੀ ਦਿੰਦਾ ਹੈ, ਤਾਂ ਇੰਟਰਪੋਲ (Interpol) ਦੀ ਮਦਦ ਨਾਲ ਉਨ੍ਹਾਂ ਨੂੰ ਵਾਪਸ ਕੈਨੇਡਾ ਲਿਆ ਕੇ ਮੁਕੱਦਮਾ ਚਲਾਇਆ ਜਾਵੇਗਾ।

ਪੁਲੀਸ ਵੱਲੋਂ ਜਾਰੀ ਕੀਤੀਆਂ ਗਈਆਂ ਫ਼ੋਟੋਆਂ ਮੁਤਾਬਿਕ ਲੋੜੀਂਦੇ ਵਿਅਕਤੀਆਂ ਦੀ ਪਛਾਣ ਗਗਨਦੀਪ ਸਿੰਘ ਉਰਫ਼ ਗੱਗੀ (29), ਤਨਵੀਰ ਸਿੰਘ (21), ਕਨੁਰੀਤ ਕੌਰ (23), ਰਵਜੋਤ ਤੂਰ (20), ਆਕਾਸ਼ਦੀਪ ਸਿੰਘ (19), ਗੁਰਕਰਨ ਧਾਲੀਵਾਲ (21), ਇਸ਼ਾਨਦੀਪ ਸਿੰਘ (19), ਜਰਮਨਜੀਤ ਸਿੰਘ ਉਰਫ਼ ਗੈਰੀ ਸਿੰਘ (20), ਅਮਨਦੀਪ ਸਿੰਘ (21), ਤਰਨਵੀਰ ਸਿੰਘ (24), ਕਰਨਬੀਰ ਸਿੰਘ (21), ਅਮਨਦੀਪ ਮੱਲੀ (39), ਸੰਦੀਪ ਸਿੰਘ ਉਰਫ਼ ਹਰਮਨ ਗਿੱਲ (32), ਪਰਦੀਪ ਸਿੰਘ (24), ਜਸਕਰਨ ਸਿੰਘ ਉਰਫ਼ ਜੱਸੀ ਬੁੱਟਰ (21), ਅਨੁਰਾਗ ਸਿੰਘ ਸਿੱਧੂ (21) ਅਤੇ ਦਕਸ਼ ਗੌਤਮ (25) ਵਜੋਂ ਕੀਤੀ ਗਈ ਹੈ।

ਕੈਨੇਡਾ 'ਚ ਮੁੜ...

ਕਾਰਨੀ ਦੇ ਬਿਆਨ ਅਨੁਸਾਰ, ਜਦੋਂ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਵਧੇਰੇ ਨਿਯੰਤਰਿਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਤਾਂ ਅਗਲਾ ਸਵਾਲ ਇਹ ਹੈ ਕਿ ਆਬਾਦੀ ਵਿੱਚ ਨਿਯੰਤਰਿਤ ਵਾਧਾ ਮੁੜ ਕਦੋਂ ਸ਼ੁਰੂ ਕੀਤਾ ਜਾਵੇ।

ਇੱਕ ਸਦੀ ਤੋਂ ਵੱਧ ਸਮੇਂ ਵਿੱਚ ਆਬਾਦੀ ਵਾਧੇ ਦੀ ਸਭ ਤੋਂ ਘੱਟ ਦਰ

ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ, ਜੁਲਾਈ 2025 ਤੋਂ ਜੁਲਾਈ 2026 ਤੱਕ ਦੇਸ਼ ਦੀ ਆਬਾਦੀ ਵਿੱਚ ਸਿਰਫ਼ 0.5 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਇਹ ਪ੍ਰਤੀਸ਼ਤ ਦੇ ਹਿਸਾਬ ਨਾਲ 1915-16 ਤੋਂ ਬਾਅਦ ਸਭ ਤੋਂ ਘੱਟ ਸਾਲਾਨਾ ਵਾਧਾ ਹੈ। ਇਸ ਮਿਆਦ ਦੌਰਾਨ ਕੈਨੇਡਾ ਦੀ ਆਬਾਦੀ ਵਿੱਚ ਲਗਭਗ 1.89 ਲੱਖ ਲੋਕਾਂ ਦਾ ਵਾਧਾ ਹੋਇਆ।

ਆਬਾਦੀ ਦੇ ਵਾਧੇ ਦੀ ਰਫ਼ਤਾਰ ਘਟਣ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਪ੍ਰਵਾਸ ਦੇ ਰੁਝਾਨਾਂ ਵਿੱਚ ਆਈ ਤਬਦੀਲੀ ਨੂੰ ਮੰਨਿਆ ਜਾ ਰਿਹਾ ਹੈ।

2026 ਤੋਂ 2028 ਤੱਕ ਇਮੀਗ੍ਰੇਸ਼ਨ ਦੇ ਟੀਚੇ

ਫਿਲਹਾਲ ਫੈਡਰਲ ਸਰਕਾਰ ਦੀ 2026-2028 ਇਮੀਗ੍ਰੇਸ਼ਨ ਯੋਜਨਾ ਅਨੁਸਾਰ ਹਰ ਸਾਲ 3,80,000 ਨਵੇਂ ਸਥਾਈ ਨਿਵਾਸੀਆਂ (ਪਰਮਾਨੈਂਟ ਰੈਜ਼ੀਡੈਂਟਸ) ਨੂੰ ਦਾਖ਼ਲਾ ਦੇਣ ਦਾ ਟੀਚਾ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਦੇ ਨਵੇਂ ਦਾਖ਼ਲਿਆਂ ਨੂੰ ਘਟਾਉਣ ਦੀ ਨੀਤੀ ਜਾਰੀ ਹੈ।

ਸਰਕਾਰ ਦਾ ਉਦੇਸ਼ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ 2027 ਦੇ ਅੰਤ ਤੱਕ ਦੇਸ਼ ਦੀ ਕੁੱਲ ਆਬਾਦੀ ਦੇ 5 ਫ਼ੀਸਦੀ ਤੋਂ ਹੇਠਾਂ ਲਿਆਉਣਾ ਹੈ। ਇਸ ਦੇ ਨਾਲ ਹੀ ਸਿਹਤ ਸੇਵਾਵਾਂ, ਉਸਾਰੀ, ਹੁਨਰਮੰਦ ਕਿੱਤਿਆਂ ਅਤੇ ਹੋਰ ਜ਼ਰੂਰੀ ਖੇਤਰਾਂ ਵਿੱਚ ਲੋੜੀਂਦੇ ਹੁਨਰਮੰਦ ਲੋਕਾਂ ਨੂੰ ਤਰਜੀਹ ਦੇਣ ਦੀ ਯੋਜਨਾ ਹੈ।

ਕੀ ਇਮੀਗ੍ਰੇਸ਼ਨ ਦੇ ਨਿਯਮ ਮੁੜ ਬਦਲਣਗੇ?

ਪ੍ਰਧਾਨ ਮੰਤਰੀ ਦੇ ਤਾਜ਼ਾ ਸੰਕੇਤਾਂ ਤੋਂ ਇਹ ਚਰਚਾ ਜ਼ਰੂਰ ਸ਼ੁਰੂ ਹੋਈ ਹੈ ਕਿ ਭਵਿੱਖ ਵਿੱਚ ਕੈਨੇਡਾ ਇਮੀਗ੍ਰੇਸ਼ਨ ਦੇ ਟੀਚਿਆਂ ਵਿੱਚ ਮੁੜ ਵਾਧਾ ਕਰ ਸਕਦਾ ਹੈ। ਹਾਲਾਂਕਿ, ਫਿਲਹਾਲ ਸਰਕਾਰ ਵੱਲੋਂ ਇਮੀਗ੍ਰੇਸ਼ਨ ਵਿੱਚ ਵਾਧੇ ਲਈ ਕੋਈ ਨਵਾਂ ਅਧਿਕਾਰਤ ਟੀਚਾ ਜਾਂ ਤਾਰੀਖ਼ ਐਲਾਨੀ ਨਹੀਂ ਗਈ।

ਇਸ ਲਈ ਸੰਭਾਵੀ ਬਿਨੈਕਾਰਾਂ, ਵਿਦਿਆਰਥੀਆਂ ਅਤੇ ਕੈਨੇਡਾ ਆਉਣ ਦੀ ਯੋਜਨਾ ਬਣਾ ਰਹੇ ਲੋਕਾਂ ਲਈ ਜ਼ਰੂਰੀ ਹੈ ਕਿ ਉਹ ਕਿਸੇ ਵੀ ਨਵੀਂ ਨੀਤੀ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (IRCC) ਦੇ ਅਧਿਕਾਰਤ ਐਲਾਨਾਂ 'ਤੇ ਨਜ਼ਰ ਰੱਖਣ।

ਪੰਜਾਬ ਦੀਆਂ ਵਿਧਾਨ...

ਇਸ ਦਾ ਸਬੂਤ ਕੈਨੇਡਾ ਤੋਂ ਭਾਰਤ ਦੇ ਹਵਾਈ ਕਿਰਾਇਆਂ ਵਿੱਚ ਹੋਏ ਵੱਡੇ ਵਾਧੇ ਤੋਂ ਮਿਲਣ ਲੱਗਾ ਹੈ। ਚੋਣਾਂ ਵਿੱਚ ਹਿੱਸਾ ਲੈਣ ਜਾਂ ਰੰਗ-ਢੰਗ ਵੇਖਣ ਦੇ ਸੰਕੇਤ ਦੀ ਗਵਾਹੀ ਇਹ ਤੱਥ ਭਰਦਾ ਹੈ ਕਿ ਬਹੁਤੀਆਂ ਏਅਰਲਾਈਨਾਂ ਦੇ ਕਿਰਾਏ ਵਿੱਚ ਵਾਧਾ 15 ਦਸੰਬਰ ਤੋਂ ਫਰਵਰੀ ਦੇ ਪਹਿਲੇ ਹਫ਼ਤੇ ਤੱਕ ਹੋਇਆ ਮਿਲਦਾ ਹੈ। ਟਿਕਟਾਂ ਬੁੱਕ ਕਰਦੇ ਕੁਝ ਏਜੰਟ ਇਹ ਦੱਸਣ ਤੋਂ ਨਹੀਂ ਝਿਜਕਦੇ ਕਿ ਇਸ ਵਾਧੇ ਦਾ ਕਾਰਨ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਹਨ। ਬੇਸ਼ੱਕ ਕੁਝ ਏਅਰਲਾਈਨਾਂ ਨੇ ਜੈੱਟ ਫਿਊਲ ਦੀ ਕੀਮਤ ਵਿੱਚ ਹੋਏ ਵਾਧੇ ਕਾਰਨ ਫਿਊਲ ਸੈੱਸ ਲਾ ਕੇ ਕਿਰਾਏ ਵਧਾਏ ਹਨ, ਪਰ ਤਾਰੀਖ਼ ਵਾਰ ਚੈੱਕ ਕੀਤਿਆਂ ਉਸ ਦਾ ਅਸਰ ਅੱਧ ਦਸੰਬਰ ਤੋਂ ਪਹਿਲਾਂ ਅਤੇ ਫਰਵਰੀ ਦੇ ਪਹਿਲੇ ਹਫ਼ਤੇ ਤੋਂ ਬਾਅਦ ਵੀ ਨਜ਼ਰ ਆਉਂਦਾ ਹੈ। ਪਰ ਚੋਣਾਂ ਦੀ ਖਿੱਚ ਦਾ ਅਸਰ ਹੈ ਕਿ ਦਸੰਬਰ ਦੇ ਪਹਿਲੇ ਹਫ਼ਤੇ ਤੱਕ ਦੀ ਕੈਨੇਡਾ ਤੋਂ ਦਿੱਲੀ ਤੱਕ ਪ੍ਰਤੀ ਯਾਤਰੀ 1700-1800 ਡਾਲਰ ਮਿਲਣ ਵਾਲੀ ਟਿਕਟ, ਉਸ ਤੋਂ ਅਗਲੇ ਦਿਨਾਂ ਯਾਨੀ ਅੱਧ ਦਸੰਬਰ ਤੋਂ ਸ਼ੁਰੂ ਹੋ ਕੇ ਜਨਵਰੀ ਦੇ ਆਖ਼ਰ ਤੱਕ ਦੀਆਂ ਤਾਰੀਖ਼ਾਂ ਲਈ 3 ਹਜ਼ਾਰ ਡਾਲਰ ਤੱਕ ਪਹੁੰਚ ਗਈ ਹੈ ਅਤੇ ਅੱਗੋਂ ਤੋਂ ਘਟਦੀਆਂ ਜਾਂਦੀਆਂ ਹਨ।

ਜਾਣਕਾਰੀ ਅਨੁਸਾਰ ਕੀਮਤਾਂ ਵਿੱਚ ਵਾਧੇ ਲਈ ਸਿਰਫ਼ ਏਅਰਲਾਈਨਾਂ ਹੀ ਨਹੀਂ, ਏਜੰਟ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਭੀੜ ਵਾਲੇ ਦਿਨਾਂ ਦੀਆਂ ਅਗਾਊਂ ਟਿਕਟਾਂ ਪਹਿਲਾਂ ਹੀ ਸਸਤੀ ਦਰ 'ਤੇ ਵੱਡੀ ਮਾਤਰਾ ਵਿੱਚ ਖਰੀਦ ਲਈਆਂ ਅਤੇ ਹੁਣ ਏਅਰਲਾਈਨਾਂ ਤੋਂ ਥੋੜ੍ਹੀ ਜਿਹੀ ਫ਼ੀਸ ਨਾਲ ਯਾਤਰੀ ਦਾ ਵੇਰਵਾ ਬਦਲ ਕੇ ਏਅਰਲਾਈਨ ਵਾਲੀ ਤਾਜ਼ਾ ਕੀਮਤ 'ਤੇ ਵੇਚ ਰਹੇ ਹਨ। ਪਹਿਲਾਂ ਸਮਝਿਆ ਜਾਂਦਾ ਸੀ ਕਿ ਚੀਨ, ਕੋਰੀਆ, ਤਾਈਵਾਨ, ਹਾਂਗਕਾਂਗ ਆਦਿ ਦੀਆਂ ਕੋਵਿਡ ਵੇਲੇ ਦੀਆਂ ਰੱਦ ਹੋਈਆਂ ਵੈਨਕੂਵਰ/ਕੈਲਗਰੀ-ਦਿੱਲੀ ਜੋੜ ਉਡਾਣਾਂ ਦਾ ਫਿਰ ਤੋਂ ਸੰਚਾਲਣ ਹੋਣ ਕਰਕੇ ਮੁਕਾਬਲੇ ਦੀ ਦੌੜ ਵਿੱਚ ਕਿਰਾਏ ਘਟਣਗੇ, ਪਰ ਪੰਜਾਬ ਚੋਣਾਂ ਕਾਰਨ ਕਿਰਾਏ ਘਟਣ ਦੀ ਥਾਂ ਵਧੇ ਹਨ। ਵੈਨਕੂਵਰ ਤੋਂ ਦਿੱਲੀ ਵਾਇਆ ਬੀਜਿੰਗ ਜਾਂ ਸਿਉਲ ਜਿਸ ਦਾ ਦੁਵੱਲਾ ਕਿਰਾਇਆ ਪਹਿਲਾਂ ਕਰੀਬ 900 ਡਾਲਰ ਹੁੰਦਾ ਸੀ, ਹੁਣ ਡਬਲ ਤੋਂ ਵੱਧ ਅਤੇ ਦਸੰਬਰ ਮਹੀਨੇ ਢਾਈ ਗੁਣਾਂ ਤੱਕ ਪਹੁੰਚਿਆ ਹੋਇਆ ਹੈ।

ਕੈਨੇਡਾ ਦੀ ਵਿਦੇਸ਼...

'ਤੇ ਇੱਕ ਪੋਸਟ ਵਿੱਚ ਕਿਹਾ, "ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੂੰ ਮਿਲ ਕੇ ਖੁਸ਼ੀ ਹੋਈ। ਇਸ ਦੌਰਾਨ ਭਾਰਤ ਅਤੇ ਕੈਨੇਡਾ ਵਿਚਾਲੇ ਵਪਾਰ, ਤਕਨਾਲੋਜੀ, ਸੁਰੱਖਿਆ, ਊਰਜਾ, ਸਿੱਖਿਆ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਾਲੇ ਸੰਪਰਕ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਸਾਰਥਕ ਚਰਚਾ ਹੋਈ।"

ਜ਼ਮੀਨ ਖਿਸਕਣ ਅਤੇ ਆਰਜ਼ੀ ਡੈਮ ਟੁੱਟਣ ਕਾਰਨ ਨੇਪਾਲ 'ਚ ਆਇਆ ਅਚਾਨਕ ਹੜ੍ਹ; 10 ਲਾਪਤਾ

ਕਾਠਮੰਡੂ ਸਥਿਤ ਭਾਰਤ, ਨੇਪਾਲ ਅਤੇ ਚੀਨ ਸਮੇਤ ਕਈ ਦੇਸ਼ਾਂ ਦੀ ਸਾਂਝੀ ਸੰਸਥਾ ਅਨੁਸਾਰ ਜ਼ਮੀਨ ਖਿਸਕਣ ਅਤੇ ਨਦੀ 'ਤੇ ਬਣੀ ਆਰਜ਼ੀ ਬੰਨ੍ਹ ਦੇ ਟੁੱਟਣ ਕਾਰਨ ਐਤਵਾਰ ਤੜਕੇ ਨੇਪਾਲ ਦੀ ਬੁੱਢੀ ਗੰਡਕੀ ਨਦੀ ਵਿੱਚ ਅਚਾਨਕ ਹੜ੍ਹ ਆ ਗਿਆ। ਸਥਾਨਕ ਸਮੇਂ ਅਨੁਸਾਰ ਸਵੇਰੇ 4 ਵਜੇ ਆਏ ਇਸ ਹੜ੍ਹ ਨੇ ਗੋਰਖਾ ਜ਼ਿਲ੍ਹੇ ਵਿੱਚ ਘਰਾਂ ਅਤੇ ਪੁਲਾਂ ਨੂੰ ਵਹਾ ਦਿੱਤਾ ਅਤੇ ਹਾਈਡ੍ਰੋਪਾਵਰ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ। ਨੇਪਾਲੀ ਅਧਿਕਾਰੀਆਂ ਅਨੁਸਾਰ ਘੱਟੋ-ਘੱਟ 10 ਲੋਕ ਅਜੇ ਵੀ ਲਾਪਤਾ ਹਨ, ਜਦਕਿ ਲਗਪਗ 50 ਲੋਕਾਂ ਨੂੰ ਬਚਾ ਲਿਆ ਗਿਆ ਹੈ। 'ਇੰਟਰਨੈਸ਼ਨਲ ਸੈਂਟਰ ਫਾਰ ਇੰਟੀਗ੍ਰੇਟਿਡ ਮਾਊਂਟੇਨ ਡਿਵੈਲਪਮੈਂਟ' (ICIMOD) ਸੰਸਥਾ ਨੇ ਨੇਪਾਲੀ ਅਧਿਕਾਰੀਆਂ ਦੇ ਮੁੱਢਲੇ ਵੇਰਵਿਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਗੋਰਖਾ ਜ਼ਿਲ੍ਹੇ ਦੇ ਚੁਮਚੇਤ ਨੇੜੇ ਜ਼ਮੀਨ ਖਿਸਕਣ ਕਾਰਨ ਬਣਿਆ ਆਰਜ਼ੀ ਬੰਨ੍ਹ ਟੁੱਟਣ ਕਰਕੇ ਇਹ ਹੜ੍ਹ ਆਇਆ ਹੋ ਸਕਦਾ ਹੈ। ਹੜ੍ਹ ਦਾ ਪਾਣੀ ਮਿੱਟੀ, ਗਾਰ ਅਤੇ ਮਲਬਾ ਆਪਣੇ ਨਾਲ ਹੇਠਾਂ ਵੱਲ ਲੈ ਆਇਆ, ਜਿਸ ਤੋਂ ਬਾਅਦ ਪ੍ਰਸ਼ਾਸਨ ਨੇ ਬੁੱਢੀ ਗੰਡਕੀ, ਤ੍ਰਿਸ਼ੂਲੀ ਅਤੇ ਨਾਰਾਇਣੀ ਨਦੀ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਚਿਤਾਵਨੀ ਜਾਰੀ ਕਰ ਦਿੱਤੀ ਹੈ। ਹੜ੍ਹ ਦੇ ਪਾਣੀ ਨੇ ਸੱਲੇਰੀ ਵਿਖੇ 341-ਮੈਗਾਵਾਟ ਦੇ ਬੁੱਢੀ ਗੰਡਕੀ ਹਾਈਡ੍ਰੋ ਪਾਵਰ ਪ੍ਰਾਜੈਕਟ ਦੇ ਇੱਕ ਨਿਰਮਾਣ ਕੈਂਪ ਅਤੇ ਸਾਜ਼-ਸਾਮਾਨ ਨੂੰ ਵੀ ਵਹਾ ਦਿੱਤਾ, ਹਾਲਾਂਕਿ ਕੁੱਲ ਨੁਕਸਾਨ ਦਾ ਅਜੇ ਪੂਰਾ ਅੰਦਾਜ਼ਾ ਨਹੀਂ ਲੱਗ ਸਕਿਆ। ਸੁਰੱਖਿਆ ਕਰਮੀਆਂ ਦੀ ਮਦਦ ਨਾਲ ਖੋਜ, ਬਚਾਅ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਕੰਮ ਜਾਰੀ ਹੈ। ਇਹ ਘਟਨਾ ਚੀਨ ਨਾਲ ਲੱਗਦੀ ਨੇਪਾਲ ਦੀ ਸਰਹੱਦ 'ਤੇ 26 ਅਗਸਤ ਨੂੰ ਭੋਟੇਕੋਸ਼ੀ ਅਤੇ ਤ੍ਰਿਸ਼ੂਲੀ ਨਦੀਆਂ ਵਿੱਚ ਆਏ ਭਿਆਨਕ ਹੜ੍ਹ ਤੋਂ ਕੁਝ ਹਫ਼ਤਿਆਂ ਬਾਅਦ ਵਾਪਰੀ ਹੈ, ਜਿਸ ਵਿੱਚ 1,400 ਤੋਂ ਵੱਧ ਲੋਕ ਮਾਰੇ ਗਏ ਸਨ। ਸੰਸਥਾ ਦੇ ਡਾਇਰੈਕਟਰ ਜਨਰਲ ਪੇਮਾ ਗਿਆਮਤਸ਼ੋ ਨੇ ਕਿਹਾ ਕਿ ਐਤਵਾਰ ਦੀ ਇਸ ਤਬਾਹੀ ਨੇ ਪਹਾੜੀ ਖ਼ਤਰਿਆਂ ਦੇ ਲੜੀਵਾਰ ਪ੍ਰਭਾਵਾਂ ਨੂੰ ਉਜਾਗਰ ਕੀਤਾ ਹੈ, ਜਿੱਥੇ ਇੱਕ ਘਟਨਾ ਦੂਜੀ ਨੂੰ ਜਨਮ ਦਿੰਦੀ ਹੈ। ਉਨ੍ਹਾਂ ਕਿਹਾ, "ਜਿੱਥੇ ਤੁਰੰਤ ਰਾਹਤ ਕਾਰਜ ਸਾਡੀ ਪਹਿਲ ਹੋਣੇ ਚਾਹੀਦੇ ਹਨ, ਉੱਥੇ ਭਵਿੱਖ ਦੇ ਖ਼ਤਰਿਆਂ ਨੂੰ ਘਟਾਉਣ ਲਈ ਇਸ ਹੜ੍ਹ ਦੇ ਕਾਰਨਾਂ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੋਵੇਗਾ।"

ਟਰੰਪ ਦੀਆਂ ਨੀਤੀਆਂ ਤੋਂ ਨਾਰਾਜ਼ ਕੈਨੇਡੀਅਨ AI ਕੰਪਨੀ, ਅਮਰੀਕੀ ਸਰਕਾਰ ਨਾਲ ਕੰਮ ਕਰਨ ਤੋਂ ਪਿੱਛੇ ਹਟੀ

ਕੈਨੇਡਾ ਅਤੇ ਅਮਰੀਕਾ ਵਿਚਾਲੇ ਵਧ ਰਹੀ ਵਪਾਰਕ ਖਿੱਚੋਤਾਣ ਦਾ ਅਸਰ ਹੁਣ ਤਕਨਾਲੋਜੀ ਉਦਯੋਗ 'ਤੇ ਵੀ ਪੈਣ ਲੱਗਾ ਹੈ। ਕੈਨੇਡਾ ਦੀ ਓਟਾਵਾ ਸਥਿਤ ਆਰਟੀਫਿਸ਼ੀਅਲ ਇੰਟੈਲੀਜੈਂਸ (AI) ਕੰਪਨੀ 'ਕੇਸਵੇਅ' (Caseway) ਨੇ ਅਮਰੀਕੀ ਸਰਕਾਰ ਨਾਲ ਜੁੜੇ ਕੰਮਾਂ ਤੋਂ ਪਿੱਛੇ ਹਟਣ ਦਾ ਫ਼ੈਸਲਾ ਕੀਤਾ ਹੈ। ਕਾਨੂੰਨੀ ਅਤੇ ਰੱਖਿਆ ਖੇਤਰਾਂ ਲਈ ਅੀ ਔਜ਼ਾਰ ਬਣਾਉਣ ਵਾਲੀ ਇਹ ਕੰਪਨੀ ਹੁਣ ਕੈਨੇਡਾ ਦੇ ਘਰੇਲੂ ਰੱਖਿਆ ਖੇਤਰ ਦੇ ਨਾਲ-ਨਾਲ ਯੂਰਪ ਅਤੇ ਤਾਈਵਾਨ ਵਰਗੇ ਬਾਜ਼ਾਰਾਂ 'ਤੇ ਧਿਆਨ ਦੇਵੇਗੀ। ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (CEO) ਅਲ ਵਿਜੀਅਰ ਮੁਤਾਬਕ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ '51ਵਾਂ ਰਾਜ' ਬਣਾਉਣ ਸਬੰਧੀ ਦਿੱਤੇ ਬਿਆਨਾਂ ਅਤੇ ਵਪਾਰਕ ਤਣਾਅ ਨੇ ਇਸ ਫ਼ੈਸਲੇ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਅਮਰੀਕਾ ਵੱਲੋਂ ਕੈਨੇਡਾ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹੋਣ, ਤਾਂ ਅਜਿਹੇ ਮਾਹੌਲ ਵਿੱਚ ਅਮਰੀਕੀ ਸਰਕਾਰ ਦੀਆਂ AI ਲੋੜਾਂ ਪੂਰੀਆਂ ਕਰਨ ਲਈ ਕੰਮ ਕਰਨਾ ਕੰਪਨੀ ਨੂੰ ਠੀਕ ਨਹੀਂ ਲੱਗਦਾ।

100 ਮਿਲੀਅਨ ਡਾਲਰ ਤੱਕ ਦੇ ਨਿਵੇਸ਼ ਦਾ ਮੌਕਾ ਛੱਡਿਆ

ਕੇਸਵੇਅ ਦਾ ਇਹ ਕਦਮ ਆਰਥਿਕ ਪੱਖੋਂ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਕੰਪਨੀ ਨੂੰ ਇੱਕ ਪ੍ਰਮੁੱਖ ਅਮਰੀਕੀ ਉਦਯੋਗਿਕ ਸੰਮੇਲਨ ਵਿੱਚ ਆਪਣਾ ਕੰਮ ਪੇਸ਼ ਕਰਨ ਲਈ ਚੁਣੀਆਂ ਗਈਆਂ ਅੱਠ ਕੰਪਨੀਆਂ ਵਿੱਚ ਸ਼ਾਮਲ ਕੀਤਾ ਗਿਆ ਸੀ। ਇਸ ਮੰਚ ਰਾਹੀਂ 50 ਮਿਲੀਅਨ ਤੋਂ 100 ਮਿਲੀਅਨ ਡਾਲਰ ਤੱਕ ਦਾ ਨਿਵੇਸ਼ ਮਿਲਣ ਦੀ ਸੰਭਾਵਨਾ ਸੀ।

ਇਸ ਦੇ ਬਾਵਜੂਦ ਕੰਪਨੀ ਨੇ ਅਮਰੀਕੀ ਬਾਜ਼ਾਰ ਨਾਲ ਜੁੜੇ ਇਸ ਮੌਕੇ ਤੋਂ ਦੂਰੀ ਬਣਾਉਣ ਦਾ ਫ਼ੈਸਲਾ ਕੀਤਾ। ਇਹ ਘਟਨਾ ਦਰਸਾਉਂਦੀ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਸਿਆਸੀ ਅਤੇ ਵਪਾਰਕ ਤਣਾਅ ਕਾਰੋਬਾਰੀ ਫ਼ੈਸਲਿਆਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

ਕੈਨੇਡਾ ਦੀ AI ਖ਼ੁਦਮੁਖਤਿਆਰੀ 'ਤੇ ਸਵਾਲ

ਇਸ ਮਾਮਲੇ ਨੇ ਕੈਨੇਡਾ ਦੇ AI ਉਦਯੋਗ ਦੀ ਅਮਰੀਕੀ ਤਕਨੀਕੀ ਬੁਨਿਆਦੀ ਢਾਂਚੇ 'ਤੇ ਨਿਰਭਰਤਾ ਬਾਰੇ ਚਰਚਾ ਤੇਜ਼ ਕਰ ਦਿੱਤੀ ਹੈ। ਟੋਰਾਂਟੋ ਯੂਨੀਵਰਸਿਟੀ ਦੇ ਤਕਨਾਲੋਜੀ ਨੀਤੀ ਮਾਹਰ ਸ਼ਾਨ ਮੁਲਿਨ ਨੇ ਸਵਾਲ ਉਠਾਇਆ ਹੈ ਕਿ ਸੰਵੇਦਨਸ਼ੀਲ ਸਰਕਾਰੀ ਅਤੇ ਰੱਖਿਆ ਡਾਟਾ ਅਜਿਹੇ ਕਲਾਊਡ ਸਿਸਟਮਾਂ ਜਾਂ ਅੀ ਮਾਡਲਾਂ ਰਾਹੀਂ ਕਿਉਂ ਚਲਾਇਆ ਜਾਵੇ, ਜਿਨ੍ਹਾਂ 'ਤੇ ਕੈਨੇਡਾ ਦਾ ਆਪਣਾ ਪੂਰਾ ਕੰਟਰੋਲ ਨਾ ਹੋਵੇ।

ਕੈਨੇਡਾ ਸਰਕਾਰ ਨੇ ਡਾਟਾ ਸੈਂਟਰਾਂ ਅਤੇ ਸੁਪਰਕੰਪਿਊਟਿੰਗ ਸਮਰੱਥਾ ਵਿੱਚ ਨਿਵੇਸ਼ ਕਰਨ ਦੇ ਵਾਅਦੇ ਕੀਤੇ ਹਨ। ਪਰ ਆਪਣਾ ਮਜ਼ਬੂਤ ਤਕਨੀਕੀ ਢਾਂਚਾ ਤਿਆਰ ਕਰਨ ਲਈ ਕਾਫ਼ੀ ਸਮਾਂ ਅਤੇ ਅਰਬਾਂ ਡਾਲਰਾਂ ਦੀ ਲੋੜ ਪਵੇਗੀ। ਇਸ ਦੇ ਨਾਲ ਹੀ ਕੈਨੇਡਾ ਦੀਆਂ AI ਕੰਪਨੀਆਂ ਲਈ ਨਿਵੇਸ਼ਕਾਂ ਤੋਂ ਫੰਡ ਇਕੱਠਾ ਕਰਨਾ ਵੀ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਪਨਾਮਾ 'ਚ ਮੁੜ ਆਇਆ 6.1 ਤੀਬਰਤਾ ਦਾ ਭੂਚਾਲ

ਪਹਿਲਾਂ 7.7 ਦੇ ਝਟਕੇ ਮਗਰੋਂ 147 ਵਾਰ ਕੰਬੀ ਧਰਤੀ

ਪਨਾਮਾ ਵਿੱਚ ਭੂਚਾਲਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਮੰਗਲਵਾਰ, 13 ਅਕਤੂਬਰ ਦੀ ਸਵੇਰ ਨੂੰ ਇੱਕ ਵਾਰ ਫਿਰ ਧਰਤੀ ਕੰਬੀ। ਰਾਸ਼ਟਰੀ ਭੂਚਾਲ ਵਿਗਿਆਨ ਕੇਂਦਰ (NCS) ਮੁਤਾਬਕ, ਇਸ ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 6.1 ਦਰਜ ਕੀਤੀ ਗਈ। ਭਾਰਤੀ ਸਮੇਂ ਅਨੁਸਾਰ ਇਹ ਝਟਕਾ ਸਵੇਰੇ 4 ਵੱਜ ਕੇ 50 ਮਿੰਟ 37 ਸਕਿੰਟ 'ਤੇ ਆਇਆ। ਭੂਚਾਲ ਦਾ ਕੇਂਦਰ ਜ਼ਮੀਨ ਤੋਂ 10 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਹਾਲਾਂਕਿ, ਤਾਜ਼ਾ ਭੂਚਾਲ ਕਾਰਨ ਹੋਏ ਨੁਕਸਾਨ ਬਾਰੇ ਮੁੱਢਲੀ ਰਿਪੋਰਟ ਵਿੱਚ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਪਹਿਲੇ ਭੂਚਾਲ ਤੋਂ ਬਾਅਦ 147 ਵਾਰ ਲੱਗੇ ਝਟਕੇ

ਇਸ ਤੋਂ ਪਹਿਲਾਂ ਸ਼ੁੱਕਰਵਾਰ ਰਾਤ ਨੂੰ ਪਨਾਮਾ ਵਿੱਚ 7.7 ਤੀਬਰਤਾ ਦਾ ਸ਼ਕਤੀਸ਼ਾਲੀ ਭੂਚਾਲ ਆਇਆ ਸੀ। ਇਸ ਤੋਂ ਬਾਅਦ ਵੀ ਧਰਤੀ ਕਈ ਵਾਰ ਹਿੱਲੀ। ਐਮਰਜੈਂਸੀ ਆਪਰੇਸ਼ਨ ਸੈਂਟਰ ਦੇ ਡਾਇਰੈਕਟਰ ਰੇਨੇ ਗਾਰਸੀਆ ਨੇ ਫ਼ੋ ਨੂੰ ਦੱਸਿਆ ਕਿ ਪਹਿਲੇ ਭੂਚਾਲ ਤੋਂ ਬਾਅਦ ਕੁੱਲ 147 ਝਟਕੇ ਦਰਜ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਕੁਝ ਝਟਕਿਆਂ ਦੀ ਤੀਬਰਤਾ 6.1 ਤੋਂ 6.6 ਤੱਕ ਰਹੀ। ਸ਼ੁੱਕਰਵਾਰ ਨੂੰ ਆਏ ਭੂਚਾਲ ਦਾ ਕੇਂਦਰ ਲੋਸ ਸੈਂਟੋਸ ਸੂਬੇ ਵਿੱਚ ਟੋਨੋਸੀ ਤੋਂ ਲਗਭਗ 39 ਕਿਲੋਮੀਟਰ ਉੱਤਰ-ਪੱਛਮ ਵੱਲ ਸੀ। ਇਸ ਕਾਰਨ ਕਈ ਇਲਾਕਿਆਂ ਵਿੱਚ ਘਰਾਂ, ਸਕੂਲਾਂ, ਸਿਹਤ ਕੇਂਦਰਾਂ, ਸੜਕਾਂ ਅਤੇ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਸੀ। ਫ਼ੋ ਦੀ ਰਿਪੋਰਟ ਮੁਤਾਬਕ, ਕੁਝ ਲੋਕਾਂ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ ਸਨ। ਉਸ ਸਮੇਂ ਤੱਕ ਕਿਸੇ ਦੀ ਮੌਤ ਜਾਂ ਲਾਪਤਾ ਹੋਣ ਦੀ ਖ਼ਬਰ ਸਾਹਮਣੇ ਨਹੀਂ ਆਈ ਸੀ।

ਆਵਾਜਾਈ ਅਤੇ ਹਵਾਈ ਸੇਵਾਵਾਂ ਵੀ ਹੋਈਆਂ ਪ੍ਰਭਾਵਿਤ

ਭੂਚਾਲ ਤੋਂ ਬਾਅਦ ਪਨਾਮਾ ਵਿੱਚ ਆਮ ਜਨਜੀਵਨ 'ਤੇ ਵੀ ਅਸਰ ਪਿਆ। ਸੁਰੱਖਿਆ ਦੇ ਮੱਦੇਨਜ਼ਰ ਦੇਸ਼ ਦੀਆਂ ਦੋ ਮੈਟਰੋ ਲਾਈਨਾਂ 'ਤੇ ਸੇਵਾਵਾਂ ਕੁਝ ਸਮੇਂ ਲਈ ਰੋਕ ਦਿੱਤੀਆਂ ਗਈਆਂ ਸਨ। ਮੁੱਖ ਕੌਮਾਂਤਰੀ ਹਵਾਈ ਅੱਡੇ ਦਾ ਕੰਮਕਾਜ ਵੀ ਅਸਥਾਈ ਤੌਰ 'ਤੇ ਬੰਦ ਕਰਨਾ ਪਿਆ, ਪਰ ਬਾਅਦ ਵਿੱਚ ਉਡਾਣਾਂ ਦੀ ਆਵਾਜਾਈ ਮੁੜ ਸ਼ੁਰੂ ਕਰ ਦਿੱਤੀ ਗਈ।

ਸਭ ਤੋਂ ਵੱਧ ਨੁਕਸਾਨ ਦੱਖਣੀ ਤੱਟ 'ਤੇ ਸਥਿਤ ਕੋਕਲੇ ਸੂਬੇ ਵਿੱਚ ਦਰਜ ਕੀਤਾ ਗਿਆ ਸੀ। ਰਾਜਧਾਨੀ ਪਨਾਮਾ ਸਿਟੀ ਵਿੱਚ ਵੀ ਕੁਝ ਥਾਵਾਂ 'ਤੇ ਨੁਕਸਾਨ ਹੋਇਆ। ਰਾਸ਼ਟਰਪਤੀ ਜੋਸ ਰਾਉਲ ਮੁਲੀਨੋ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਅਤੇ ਪ੍ਰਭਾਵਿਤ ਹਸਪਤਾਲ ਦਾ ਦੌਰਾ ਵੀ ਕੀਤਾ। ਰਿਪੋਰਟ ਮੁਤਾਬਕ, ਕੁਝ ਮਰੀਜ਼ਾਂ ਨੂੰ ਬਾਹਰ ਖੁੱਲ੍ਹੀ ਥਾਂ 'ਤੇ ਲਿਜਾ ਕੇ ਇਲਾਜ ਦਿੱਤਾ ਗਿਆ।

ਸਰਕਾਰ ਨੇ ਐਲਾਨੀ ਐਮਰਜੈਂਸੀ

ਭੂਚਾਲ ਤੋਂ ਬਾਅਦ ਅਮਰੀਕੀ ਸੁਨਾਮੀ ਚੇਤਾਵਨੀ ਪ੍ਰਣਾਲੀ ਨੇ ਸ਼ੁਰੂ ਵਿੱਚ ਕੁਝ ਤੱਟੀ ਇਲਾਕਿਆਂ ਲਈ ਖ਼ਤਰੇ ਦੀ ਸੰਭਾਵਨਾ ਜਤਾਈ ਸੀ, ਪਰ ਬਾਅਦ ਵਿੱਚ ਕਿਹਾ ਕਿ ਹੁਣ ਸੁਨਾਮੀ ਦਾ ਖ਼ਤਰਾ ਨਹੀਂ ਹੈ। ਪਨਾਮਾ ਸਰਕਾਰ ਨੇ ਸ਼ਨੀਵਾਰ ਨੂੰ ਐਮਰਜੈਂਸੀ ਦਾ ਐਲਾਨ ਕੀਤਾ ਸੀ, ਤਾਂ ਜੋ ਪ੍ਰਭਾਵਿਤ ਲੋਕਾਂ ਤੱਕ ਮਦਦ ਪਹੁੰਚਾਈ ਜਾ ਸਕੇ ਅਤੇ ਰਾਹਤ ਕਾਰਜ ਤੇਜ਼ ਕੀਤੇ ਜਾ ਸਕਣ। ਰਾਸ਼ਟਰਪਤੀ ਦਫ਼ਤਰ ਵਿੱਚ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਮੰਤਰੀ ਜੁਆਨ ਕਾਰਲੋਸ ਓਰੀਲੈਕ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਸਰਕਾਰੀ ਏਜੰਸੀਆਂ ਨੂੰ ਤਿਆਰ ਰੱਖਣ ਅਤੇ ਪ੍ਰਭਾਵਿਤ ਭਾਈਚਾਰਿਆਂ ਲਈ ਲੋੜੀਂਦੇ ਸਰੋਤ ਮੁਹੱਈਆ ਕਰਵਾਉਣ ਵਿੱਚ ਮਦਦ ਮਿਲੇਗੀ।

ਟਰੰਪ ਨੇ ਰੂਸ ਨਾਲ ਡੀਜ਼ਲ ਖ਼ਰੀਦਣ ਦਾ ਕੀਤਾ ਸਮਝੌਤਾ!

ਪਾਬੰਦੀਆਂ 'ਚ ਮਿਲੀ ਅਸਥਾਈ ਛੋਟ, ਜ਼ੇਲੈਂਸਕੀ ਨੇ ਜਤਾਇਆ ਵਿਰੋਧ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਤੋਂ ਡੀਜ਼ਲ ਖ਼ਰੀਦਣ ਲਈ ਸਮਝੌਤਾ ਹੋਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਹੋਰਮੁਜ਼ ਜਲਡਮਰੂਮੱਧ 'ਤੇ ਅਮਰੀਕੀ ਕੰਟਰੋਲ ਅਤੇ ਰੂਸ ਤੋਂ ਡੀਜ਼ਲ ਦੀ ਸਪਲਾਈ ਵਧਣ ਨਾਲ ਅਮਰੀਕਾ ਸਮੇਤ ਦੁਨੀਆ ਭਰ ਵਿੱਚ ਡੀਜ਼ਲ ਦੀਆਂ ਕੀਮਤਾਂ ਘਟ ਸਕਦੀਆਂ ਹਨ। ਟਰੰਪ ਮੁਤਾਬਕ, ਸਮਝੌਤੇ ਤਹਿਤ ਰੂਸ ਤੁਰੰਤ 3 ਲੱਖ ਟਨ ਤੋਂ ਵੱਧ ਡੀਜ਼ਲ ਭੇਜੇਗਾ। ਇਸ ਤੋਂ ਬਾਅਦ ਨਵੰਬਰ ਵਿੱਚ 5 ਲੱਖ ਟਨ ਅਤੇ ਫਿਰ 10 ਲੱਖ ਟਨ ਡੀਜ਼ਲ ਦੀ ਸਪਲਾਈ ਕੀਤੀ ਜਾਵੇਗੀ।

ਇਹ ਐਲਾਨ ਅਜਿਹੇ ਸਮੇਂ ਹੋਇਆ ਹੈ ਜਦੋਂ ਟਰੰਪ ਨੇ ਸਤੰਬਰ ਵਿੱਚ ਰੂਸ 'ਤੇ ਪਾਬੰਦੀਆਂ ਨਾਲ ਸਬੰਧਤ ਕਾਨੂੰਨ 'ਤੇ ਦਸਤਖ਼ਤ ਕੀਤੇ ਸਨ। ਇਸ ਕਾਨੂੰਨ ਤਹਿਤ ਰੂਸ ਤੋਂ ਤੇਲ ਖ਼ਰੀਦਣ ਵਾਲੇ ਦੇਸ਼ਾਂ 'ਤੇ 100 ਫ਼ੀਸਦੀ ਤੱਕ ਟੈਰਿਫ਼ ਲਗਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਇਸ ਵਿੱਚ ਭਾਰਤ ਅਤੇ ਚੀਨ ਵਰਗੇ ਦੇਸ਼ ਵੀ ਸ਼ਾਮਲ ਹਨ।

ਰੂਸ 'ਤੇ ਪਾਬੰਦੀਆਂ ਅਪ੍ਰੈਲ 2027 ਤੱਕ ਅਸਥਾਈ ਤੌਰ 'ਤੇ ਮੁਲਤਵੀ

ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫ਼ੋਨ 'ਤੇ ਗੱਲਬਾਤ ਤੋਂ ਬਾਅਦ ਰੂਸੀ ਡੀਜ਼ਲ ਦੀ ਵਿਸ਼ਵ ਬਾਜ਼ਾਰ ਵਿੱਚ ਵਿਕਰੀ ਅਤੇ ਦਰਾਮਦ 'ਤੇ ਲੱਗੀਆਂ ਪਾਬੰਦੀਆਂ ਨੂੰ 7 ਅਪ੍ਰੈਲ 2027 ਤੱਕ ਅਸਥਾਈ ਤੌਰ 'ਤੇ ਹਟਾਉਣ ਦਾ ਫ਼ੈਸਲਾ ਕੀਤਾ ਹੈ। ਇਹ ਕਦਮ ਯੂਕਰੇਨ ਜੰਗ ਕਾਰਨ ਰੂਸ 'ਤੇ ਲਗਾਤਾਰ ਲਗਾਈਆਂ ਜਾ ਰਹੀਆਂ ਅਮਰੀਕੀ ਪਾਬੰਦੀਆਂ ਦੀ ਨੀਤੀ ਵਿੱਚ ਵੱਡੀ ਤਬਦੀਲੀ ਵਜੋਂ ਦੇਖਿਆ ਜਾ ਰਿਹਾ ਹੈ।

ਟਰੰਪ ਨੇ ਕਿਹਾ ਕਿ ਈਂਧਨ ਦੀਆਂ ਕੀਮਤਾਂ ਘੱਟ ਰੱਖਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ, ਖ਼ਾਸ ਕਰਕੇ ਅਮਰੀਕੀ ਕਿਸਾਨਾਂ, ਪਸ਼ੂ ਪਾਲਕਾਂ ਅਤੇ ਟਰੱਕ ਚਾਲਕਾਂ ਲਈ। ਉਨ੍ਹਾਂ ਨੇ ਵ੍ਹਾਈਟ ਹਾਊਸ ਤੋਂ ਚੋਣ ਰੈਲੀ ਲਈ ਰਵਾਨਾ ਹੁੰਦਿਆਂ ਵੀ ਇਸ ਸਮਝੌਤੇ 'ਤੇ ਖ਼ੁਸ਼ੀ ਜ਼ਾਹਰ ਕੀਤੀ।

ਜ਼ੇਲੈਂਸਕੀ ਨੇ ਕੀਤਾ ਵਿਰੋਧ, ਮਾਹਿਰਾਂ ਨੂੰ ਕੀਮਤਾਂ ਘਟਣ 'ਤੇ ਸ਼ੱਕ

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਇਸ ਸਮਝੌਤੇ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਰੂਸ ਨੂੰ ਜੰਗ ਲੰਮੀ ਖਿੱਚਣ ਵਿੱਚ ਮਦਦ ਮਿਲ ਸਕਦੀ ਹੈ। ਜ਼ੇਲੈਂਸਕੀ ਮੁਤਾਬਕ, ਇਸ ਸਮਝੌਤੇ ਨਾਲ ਰੂਸ ਨੂੰ ਹੋਰ ਲੋਕਾਂ ਦੀਆਂ ਜਾਨਾਂ ਲੈਣ ਅਤੇ ਦੁਨੀਆ ਨੂੰ ਵੱਧ ਨੁਕਸਾਨ ਪਹੁੰਚਾਉਣ ਦਾ ਮੌਕਾ ਮਿਲੇਗਾ।

ਦੂਜੇ ਪਾਸੇ, ਊਰਜਾ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਸਮਝੌਤੇ ਨਾਲ ਡੀਜ਼ਲ ਦੀਆਂ ਕੀਮਤਾਂ ਵਿੱਚ ਵੱਡੀ ਗਿਰਾਵਟ ਆਉਣ ਦੀ ਸੰਭਾਵਨਾ ਘੱਟ ਹੈ। ਸੈਂਟਰ ਫਾਰ ਸਟ੍ਰੈਟੇਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ ਦੇ ਊਰਜਾ ਮਾਹਿਰ ਕਲੇਟਨ ਸੀਗਲ ਮੁਤਾਬਕ, ਇਸ ਦਾ ਕੀਮਤਾਂ 'ਤੇ ਸੀਮਤ ਅਸਰ ਪੈ ਸਕਦਾ ਹੈ, ਜਦਕਿ ਰੂਸ ਅਤੇ ਪੁਤਿਨ ਨੂੰ ਵੱਡਾ ਫ਼ਾਇਦਾ ਹੋ ਸਕਦਾ ਹੈ। ਐਨਰਜੀ ਪਾਲਿਸੀ ਰਿਸਰਚ ਫਾਊਂਡੇਸ਼ਨ ਦੇ ਮਾਈਕਲ ਲਿੰਚ ਨੇ ਵੀ ਇਸ ਸਮਝੌਤੇ ਦੇ ਪ੍ਰਭਾਵ 'ਤੇ ਸਵਾਲ

ਕੈਨੇਡਾ ਵਿਚ ਦਿਲ ਕੰਬਾਊ ਹਾਦਸਾ, ਕਈ ਜਿਊਂਦੇ ਸੜੇ



ਲੰਡਨ : ਹਾਈਵੇਅ 401 'ਤੇ ਵਾਪਰੇ ਦਿਲ ਕੰਬਾਊ ਹਾਦਸੇ ਦੌਰਾਨ ਕਈ ਮੌਤਾਂ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਅਤੇ ਜਾਨ ਗਵਾਉਣ ਵਾਲਿਆਂ ਵਿਚ ਟਰੱਕ ਡਰਾਈਵਰ ਸ਼ਾਮਲ ਹੋਣ ਦੀ ਰਿਪੋਰਟ ਹੈ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਮੁਤਾਬਕ ਲੰਡਨ ਦੇ ਦੱਖਣ ਵੱਲ ਸਾਊਥਵੋਲਡ ਕਸਬੇ ਵਿਚ ਮੰਗਲਵਾਰ ਬਾਅਦ ਦੁਪਹਿਰ ਹਾਦਸਾ ਵਾਪਰਿਆ ਜਦੋਂ ਇਕ ਟ੍ਰਾਂਸਪੋਰਟ ਟਰੱਕ ਨੇ ਖੜ੍ਹੀ ਗੱਡੀ ਨੂੰ ਟੱਕਰ ਮਾਰ ਦਿਤੀ ਅਤੇ ਅੱਗ ਲੱਗਣ ਕਰ ਕੇ ਕਈ ਜਣੇ ਜਿਊਂਦੇ ਸੜ ਗਏ।

ਟਰੱਕ ਅਤੇ ਖੜ੍ਹੀ ਗੱਡੀ ਵਿਚ ਟੱਕਰ ਮਗਰੋਂ ਲੱਗੀ ਅੱਗ

ਓ.ਪੀ.ਪੀ. ਦੇ ਸਾਰਜੈਂਟ ਐਡ ਸੈਨਚੁਕ ਨੇ ਦੱਸਿਆ ਕਿ ਹਾਈਵੇਅ 401 ਦੀਆਂ ਪੂਰਬ ਵੱਲ ਜਾ ਰਹੀਆਂ ਲੇਨਜ਼ ਨੂੰ ਕਈ ਘੰਟੇ ਬੰਦ ਰੱਖਣਾ ਪਿਆ ਪਰ ਬਾਅਦ ਵਿਚ ਪਤਾ ਲੱਗਾ ਕਿ ਦੋਹਾਂ ਪਾਸਿਆਂ ਤੋਂ ਆਵਾਜਾਈ ਰੋਕਣੀ ਪਈ। ਰਾਹਗੀਰਾਂ ਨੂੰ ਅਪੀਲ ਕੀਤੀ ਗਈ ਕਿ ਆਇਓਨਾ ਰੋਡ ਅਤੇ ਕਰਨਲ ਟੈਲਬੋਟ ਰੋਡ ਦਰਮਿਆਨ ਹਾਈਵੇਅ ਬੰਦ ਹੈ ਅਤੇ ਇਹ ਸਿਲਸਿਲਾ 10 ਘੰਟੇ ਤੱਕ ਜਾਰੀ ਰਹਿ ਸਕਦਾ ਹੈ।

ਪਰਵਿੰਦਰ ਝੋਟਾ ਕਤਲਕਾਂਡ ਮਾਮਲਾ 'ਚ DIG ਦਾ ਵੱਡਾ ਖੁਲਾਸਾ, 2 ਹੋਰ ਲੋਕਾਂ ਨੂੰ ਕੀਤਾ ਗਿਆ ਨਾਮਜ਼ਦ

ਪਰਵਿੰਦਰ ਝੋਟਾ ਕਤਲਕਾਂਡ ਮਾਮਲਾ ਨਾਲ ਜੁੜੀ ਵੱਡੀ ਅਪਡੇਟ ਸਾਹਮਣੇ ਆ ਰਹੀ ਹੈ। ਮਾਨਸਾ 'ਚ ਧਰਨੇ ਵਾਲੀ ਥਾਂ ਪਹੁੰਚੇ DIG ਨੇ ਇੱਕ ਹੋਰ ਵੱਡਾ ਖੁਲਾਸਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਤਲਕਾਂਡ ਮਾਮਲੇ 'ਚ 2 ਹੋਰ ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਨਾਮਜ਼ਦ ਕੀਤੇ ਲੋਕਾਂ 'ਚ ਮੁਲਜ਼ਮ ਦੇ 2 ਸਾਥੀ ਤੇ ਇੱਕ ਪਰਿਵਾਰਕ ਮੈਂਬਰ ਸ਼ਾਮਲ ਹੈ। ਇਸ ਮੌਕੇ DIG ਨੇ ਧਰਨੇ ਨੂੰ ਲੈ ਕੇ ਕਿਹਾ ਕਿ ਸਿਕਓਰਿਟੀ ਦੇ ਸਾਰੇ ਪ੍ਰਬੰਧ ਕੀਤੇ ਗਏ ਹਨ ਤੇ ਸਾਡੀ ਕੋਸ਼ਿਸ਼ ਰਹੇਗੀ ਕਿ ਸਭ ਕੁਝ ਸ਼ਾਂਤੀਪੂਰਵਕ ਰਹੇ

ਦੱਸ ਦੇਈਏ ਕਿ ਪਰਵਿੰਦਰ ਝੋਟਾ ਕਤਲਕਾਂਡ ਨੂੰ ਲੈ ਕੇ ਅੱਜ ਪੰਜਾਬ ਬੰਦ ਦੀ ਕਾਲ ਦਿੱਤੀ ਗਈ ਹੈ। ਸਵੇਰੇ 6 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਦਾ ਸੱਦਾ ਦਿੱਤਾ ਗਿਆ ਹੈ। ਇਸ ਦੌਰਾਨ ਐਮਰਜੈਂਸੀ ਸੇਵਾਵਾਂ ਹਸਪਤਾਲ, ਮੈਡੀਕਲ ਸਟੋਰ, ਫਾਇਰ ਬ੍ਰਿਗੇਡ ਤੇ ਐਂਬੂਲੈਂਸਾਂ ਨੂੰ ਛੋਟ ਦਿੱਤੀ ਜਾਵੇਗੀ। ਲੁਧਿਆਣਾ, ਪਠਾਨਕੋਟ, ਗੁਰਦਾਸਪੁਰ, ਬਠਿੰਡਾ, ਮਾਨਸਾ ਤੇ ਜਲੰਧਰ ਵਿਚ ਪ੍ਰਾਈਵੇਟ ਸਕੂਲ-ਕਾਲਜ ਬੰਦ ਹਨ। ਹਾਲਾਂਕਿ ਸਰਕਾਰੀ ਸਕੂਲਾਂ ਵਿਚ ਛੁੱਟੀ ਨਹੀਂ ਹੈ। ਕਿਸਾਨ ਯੂਨੀਅਨ ਵੱਲੋਂ ਵੀ ਬੰਦ ਦੀ ਹਮਾਇਤ ਕੀਤੀ ਗਈ ਹੈ ਤੇ ਟੋਲ ਪਲਾਜ਼ਾ ਕਰਮਚਾਰੀ ਯੂਨੀਅਨ ਨੇ ਟੋਲ ਫ੍ਰੀ ਰੱਖਣ ਦਾ ਐਲਾਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਪਰਵਿੰਦਰ ਝੋਟਾ ਦੇ 13 ਅਕਤੂਬਰ ਨੂੰ ਮਾਨਸਾ ਵਿਚ ਨਸ਼ਾ ਵੇਚਣ ਦਾ ਵਿਰੋਧ ਕਰਨ 'ਤੇ ਫੇਸਬੁੱਕ ਲਾਈਵ ਦੌਰਾਨ ਮੈਡੀਕਲ ਸਟੋਰ ਮਾਲਕ ਅਸ਼ਵਨੀ ਕੁਮਾਰ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਅਸ਼ਵਨੀ ਨੂੰ ਪੁਲਿਸ ਰਾਜਸਥਾਨ ਤੋਂ ਗ੍ਰਿਫਤਾਰ ਕਰ ਚੁੱਕੀ ਹੈ। ਉਸ ਦੇ ਘਰ ਤੇ ਦੁਕਾਨ 'ਤੇ ਵੀ ਬੁਲਡੋਜ਼ਰ ਚਲਾਇਆ ਗਿਆ ਹੈ। ਪਰਵਿੰਦਰ ਝੋਟਾ ਦੇ ਪਰਿਵਾਰ ਨੇ ਅੰਤਿਮ ਸਸਕਾਰ ਕਰਨ ਤੋਂ ਇਨਕਾਰ ਕਰਦਿੱਤਾ ਹੈ ਤੇ ਨਾਲ ਹੀ ਉਨ੍ਹਾਂ ਨੇ ਪੂਰੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਹੈ।

ਆਈਸ ਏਜੰਟਾਂ ਨੂੰ ਰੋਜ਼ਾਨਾ 3,000 ਗ੍ਰਿਫ਼ਤਾਰੀਆਂ ਦਾ ਟੀਚਾ ਦੇਣ ਦੀ ਰਿਪੋਰਟ

ਵਾਸ਼ਿੰਗਟਨ : ਅਮਰੀਕਾ ਦੀ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸ) ਦੇ ਅਧਿਕਾਰੀਆਂ ਨੇ ਦੇਸ਼ ਭਰ ਦੇ ਏਜੰਟਾਂ ਨੂੰ ਰੋਜ਼ਾਨਾ ਗ੍ਰਿਫ਼ਤਾਰੀਆਂ ਦੀ ਗਿਣਤੀ ਵਧਾਉਣ ਲਈ ਕਿਹਾ ਹੈ। ਖ਼ਬਰਾਂ ਮੁਤਾਬਕ, ਏਜੰਟਾਂ ਨੂੰ ਹਰ ਦਿਨ ਲਗਭਗ 1,000 ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਦੀ ਹਦਾਇਤ ਦਿੱਤੀ ਗਈ ਹੈ। ਇਸ ਨਾਲ ਰੋਜ਼ਾਨਾ ਦਾ ਟੀਚਾ 3,000 ਗ੍ਰਿਫ਼ਤਾਰੀਆਂ ਤੱਕ ਪਹੁੰਚਦਾ ਹੈ। ਇਹ ਜਾਣਕਾਰੀ ਇਸ ਮਾਮਲੇ ਨਾਲ ਜੁੜੇ ਦੋ ਸੂਤਰਾਂ ਦੇ ਹਵਾਲੇ ਨਾਲ ਸਾਹਮਣੇ ਆਈ ਹੈ।

ਰਿਪੋਰਟ ਅਨੁਸਾਰ, ਆਈਸ ਹਾਲ ਹੀ ਵਿਚ ਹਰ ਰੋਜ਼ ਔਸਤਨ ਕਰੀਬ 2,000 ਲੋਕਾਂ ਨੂੰ ਹਿਰਾਸਤ ਵਿਚ ਲੈ ਰਹੀ ਸੀ। ਏਜੰਟਾਂ ਨੂੰ ਹਫ਼ਤੇ ਵਿਚ 19,000 ਗ੍ਰਿਫ਼ਤਾਰੀਆਂ ਦਾ ਟੀਚਾ ਹਾਸਲ ਕਰਨ ਲਈ ਵੀ ਕਿਹਾ ਗਿਆ ਹੈ। ਹਫ਼ਤਾਵਾਰ ਗਿਣਤੀ ਰੋਜ਼ਾਨਾ 3,000 ਦੇ ਹਿਸਾਬ ਨਾਲ ਘੱਟ ਹੈ, ਕਿਉਂਕਿ ਹਫ਼ਤੇ ਦੇ ਅਖੀਰ ਵਿਚ ਕਾਰਵਾਈਆਂ ਆਮ ਤੌਰ 'ਤੇ ਘੱਟ ਹੁੰਦੀਆਂ ਹਨ ਅਤੇ ਮੈਦਾਨ ਵਿਚ ਏਜੰਟ ਵੀ ਘੱਟ ਹੁੰਦੇ ਹਨ। ਆਈਸ ਪਹਿਲਾਂ ਵੀ ਰੋਜ਼ਾਨਾ 3,000 ਗ੍ਰਿਫ਼ਤਾਰੀਆਂ ਦਾ ਟੀਚਾ ਪੂਰਾ ਕਰਨ ਦੀ ਕੋਸ਼ਿਸ਼ ਕਰ ਚੁੱਕੀ ਹੈ, ਪਰ ਇਹ ਗਿਣਤੀ ਹਾਸਲ ਕਰਨਾ ਏਜੰਸੀ ਲਈ ਔਖਾ ਰਿਹਾ ਹੈ।

ਇਹ ਵਾਧਾ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਸਾਹਮਣੇ ਆਇਆ ਹੈ। ਆਵਾਸੀ ਕਾਰਵਾਈਆਂ ਦੇ ਤਰੀਕਿਆਂ ਅਤੇ ਗ੍ਰਿਫ਼ਤਾਰ ਕੀਤੇ ਜਾ ਰਹੇ ਲੋਕਾਂ ਬਾਰੇ ਕੁਝ ਰਿਪਬਲਿਕਨ ਆਗੂਆਂ ਨੇ ਵੀ ਚਿੰਤਾ ਜਤਾਈ ਹੈ। ਵਧੇਰੇ ਗ੍ਰਿਫ਼ਤਾਰੀਆਂ ਨਾਲ ਇਹ ਸਵਾਲ ਵੀ ਉੱਠ ਰਿਹਾ ਹੈ ਕਿ ਕਾਰਵਾਈ ਕਿਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ।

ਹੋਮਲੈਂਡ ਸਕਿਓਰਿਟੀ ਵਿਭਾਗ ਦੇ ਬੁਲਾਰੇ ਨੇ ਕਿਹਾ ਹੈ ਕਿ ਗ੍ਰਿਫ਼ਤਾਰੀਆਂ ਲਈ ਕੋਈ ਲਾਜ਼ਮੀ ਕੋਟਾ ਨਹੀਂ ਹੈ। ਵਿਭਾਗ ਮੁਤਾਬਕ, ਇਹ ਏਜੰਟਾਂ ਨੂੰ ਵਧੇਰੇ ਕਾਰਵਾਈ ਲਈ ਦਿੱਤਾ ਗਿਆ ਟੀਚਾ ਹੈ। ਇਸ ਨੀਤੀ ਦਾ ਅਸਰ ਪਰਵਾਸੀ ਪਰਿਵਾਰਾਂ ਵਿਚ ਚਿੰਤਾ ਵਧਾ ਸਕਦਾ ਹੈ। ਲੋਕਾਂ ਨੂੰ ਆਪਣੀ ਇਮੀਗ੍ਰੇਸ਼ਨ ਸਥਿਤੀ ਬਾਰੇ ਭਰੋਸੇਯੋਗ ਵਕੀਲ ਤੋਂ ਸਲਾਹ ਲੈਣੀ ਚਾਹੀਦੀ ਹੈ।

ਕੈਨੇਡਾ 'ਚ ਛੁਰੇਬਾਜ਼ੀ, ਸ਼ੱਕੀਆਂ ਦੀ ਭਾਲ ਕਰ ਰਹੀ ਪੁਲਿਸ



ਵ੍ਹਿਟਬੀ : ਵ੍ਹਿਟਬੀ ਵਿੱਚ ਛੁਰੇਬਾਜ਼ੀ ਦੀ ਘਟਨਾ ਦੇ ਸਬੰਧ ਵਿੱਚ ਪੁਲਿਸ ਚਾਰ ਵਿਅਕਤੀਆਂ ਦੀ ਪਛਾਣ ਕਰਨ ਲਈ ਲੋਕਾਂ ਦੀ ਮਦਦ ਮੰਗ ਰਹੀ ਹੈ। ਐਤਵਾਰ, 4 ਜਨਵਰੀ, 2026 ਨੂੰ ਰਾਤ ਲਗਭਗ 10:00 ਵਜੇ, ਸੈਂਟਰਲ ਵੈਸਟ ਡਿਵੀਜ਼ਨ ਦੇ ਪੁਲਿਸ ਅਧਿਕਾਰੀ ਵ੍ਹਿਟਬੀ ਵਿੱਚ 75 ਕੰਜ਼ਿਊਮਰਜ਼ ਡਰਾਈਵ ਸਥਿਤ ਲੈਂਡਮਾਰਕ ਸਿਨੇਮਾ ਦੀ ਪਾਰਕਿੰਗ ਵਿੱਚ ਹਥਿਆਰਬੰਦ ਵਿਅਕਤੀ ਦੀ ਮੌਜੂਦਗੀ ਸਬੰਧੀ ਮਿਲੀ ਸੂਚਨਾ ਤੋਂ ਬਾਅਦ ਮੌਕੇ 'ਤੇ ਪਹੁੰਚੇ। ਇਸ ਚਾਕੂ ਮਾਰਨ ਦੀ ਘਟਨਾ ਵਿੱਚ ਪੀੜਤ ਨੂੰ ਗੰਭੀਰ ਸੱਟਾਂ ਲੱਗੀਆਂ, ਪਰ ਉਸ ਦੀ ਜਾਨ ਨੂੰ ਖ਼ਤਰਾ ਨਹੀਂ ਹੈ।

ਜਾਂਚਕਰਤਾਵਾਂ ਨੇ ਇਸ ਮਾਮਲੇ ਵਿੱਚ ਚਾਰ ਪੁਰਸ਼ਾਂ ਦੀ ਪਛਾਣ ਦਿਲਚਸਪੀ ਵਾਲੇ ਵਿਅਕਤੀਆਂ ਵਜੋਂ ਕੀਤੀ ਹੈ ਅਤੇ ਹੁਣ ਉਨ੍ਹਾਂ ਦੀ ਪਛਾਣ ਕਰਨ ਲਈ ਜਨਤਾ ਦੀ ਸਹਾਇਤਾ ਮੰਗ ਰਹੇ ਹਨ।

ਡਰਹਮ ਰੀਜਨਲ ਪੁਲਿਸ ਨੇ ਲੋਕਾਂ ਤੋਂ ਮਦਦ ਮੰਗ

ਸ਼ੱਕੀ ਵਿਅਕਤੀਆਂ ਦੀ ਤਸਵੀਰ ਜਾਰੀ ਕੀਤੀ ਗਈ ਹੈ, ਜਿਸ ਨੂੰ www.drps.ca ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ। ਇਸ ਘਟਨਾ ਬਾਰੇ ਕੋਈ ਵੀ ਜਾਣਕਾਰੀ ਰੱਖਣ ਵਾਲੇ ਵਿਅਕਤੀ ਸੈਂਟਰਲ ਵੈਸਟ ਡਿਵੀਜ਼ਨ ਦੀ ਕ੍ਰਿਮਿਨਲ ਇਨਵੈਸਟੀਗੇਸ਼ਨਜ਼ ਬ੍ਰਾਂਚ ਨਾਲ 1-888-579-1520, ਐਕਸਟੈਂਸ਼ਨ 1805 'ਤੇ ਸੰਪਰਕ ਕਰਨ। ਗੁਪਤ ਤੌਰ 'ਤੇ ਜਾਣਕਾਰੀ ਦੇਣ ਲਈ ਲੋਕ ਡਰਹਮ ਰੀਜਨਲ ਕ੍ਰਾਈਮ ਸਟਾਪਰਜ਼ ਨਾਲ 1-800-222-TIPS (8477) 'ਤੇ ਫ਼ੋਨ ਕਰ ਸਕਦੇ ਹਨ ਜਾਂ www.durhamregionalcrimestoppers.ca ਰਾਹੀਂ ਆਨਲਾਈਨ ਜਾਣਕਾਰੀ ਦੇ ਸਕਦੇ ਹਨ।

ਮੁਲਜ਼ਮਾਂ ਨੂੰ ਅਦਾਲਤ ਵਿਚ ਕੀਤਾ ਗਿਆ ਪੇਸ਼; 25 ਅਕਤੂਬਰ ਤੱਕ ਮਿਲਿਆ ਪੁਲੀਸ ਰਿਮਾਂਡ

ਮਾਨਸਾ ਪੁਲੀਸ ਵੱਲੋਂ ਅੱਜ ਪਰਵਿੰਦਰ ਸਿੰਘ ਝੋਟੇ ਦੇ ਕੇਸ ਵਿੱਚ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਅਤੇ ਉਸ ਨੂੰ ਪਨਾਹ ਦੇਣ ਵਾਲੇ ਵਿਪਨ ਗਰਗ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਸੀ ਜੀ ਐੱਮ ਸ੍ਰੀ ਰਾਜਿੰਦਰ ਪ੍ਰਸ਼ਾਦ ਦੀ ਅਦਾਲਤ ਵੱਲੋਂ ਦੋਵਾਂ ਮੁਲਜ਼ਮਾਂ ਨੂੰ 25 ਅਕਤੂਬਰ ਤੱਕ ਪੁਲੀਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ ਹੈ। ਵੇਰਵਿਆਂ ਅਨੁਸਾਰ ਮੁਲਜ਼ਮਾਂ ਨੂੰ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਪੇਸ਼ ਕੀਤਾ ਗਿਆ। ਮਾਨਸਾ ਪੁਲੀਸ ਦੇ ਇੱਕ ਅਧਿਕਾਰੀ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ ਹੈ।

ਪਰਵਿੰਦਰ ਝੋਟੇ ਦੀ ਹੱਤਿਆ ਕਰਨ ਮਗਰੋਂ ਫਰਾਰ ਹੋਏ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਨੂੰ ਬੀਤੇ ਦਿਨ ਰਾਜਸਥਾਨ ਦੇ ਸਾਲਾਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਥਾਣਾ ਸਿਟੀ-2 ਪੁਲੀਸ ਨੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਫ਼ੌਜੀ ਭੀਮ ਸਿੰਘ ਦੇ ਬਿਆਨ 'ਤੇ ਦੁਕਾਨਦਾਰ ਅਸ਼ਵਨੀ ਕੁਮਾਰ ਅਤੇ ਹੋਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਬਠਿੰਡਾ ਰੇਂਜ ਦੇ ਡੀ ਆਈ ਜੀ ਹਰਜੀਤ ਸਿੰਘ ਨੇ ਦੱਸਿਆ ਸੀ ਕਿ ਮਾਮਲੇ 'ਚ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉੱਥੇ ਹੀ ਇਸ ਮਾਮਲੇ 'ਚ ਮਾਨਸਾ ਦੇ ਥਾਣਾ ਸਿਟੀ -2 ਦੀ ਮਹਿਲਾ ਐੱਸ ਐੱਚ ਓ ਬੇਅੰਤ ਕੌਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੇ ਪਰਵਿੰਦਰ ਸਿੰਘ ਝੋਟਾ ਵੱਲੋਂ ਕਈ ਸ਼ਿਕਾਇਤਾਂ ਤੇ ਨਸ਼ਾ ਤਸਕਰਾਂ ਸੰਬੰਧੀ ਜਾਣਕਾਰੀ ਦੇਣ 'ਤੇ ਕੋਈ ਕਾਰਵਾਈ ਨਾ ਕਰਨ ਦੀ ਵੀ ਗੱਲ ਕਹੀ ਗਈ ਸੀ। ਐੱਸ ਐੱਸ ਪੀ ਮਾਨਸਾ ਵੈਭਵ ਚੌਧਰੀ ਨੇ ਦੱਸਿਆ ਕਿ ਥਾਣਾ ਸਿਟੀ 2 ਦੀ ਮਹਿਲਾ ਐੱਸ ਐੱਚ ਓ ਬੇਅੰਤ ਕੌਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਉਸ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ ਅਤੇ ਉਸ ਦਾ ਤਬਾਦਲਾ ਜ਼ਿਲ੍ਹੇ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਦਿਲਕਸ਼ ਬੈਨੀਪਾਲ ਨੇ ਗ੍ਰੀਕੋ ਰੋਮਨ ਕੁਸ਼ਤੀ 'ਚ ਜਿੱਤਿਆ ਚਾਂਦੀ ਦਾ ਤਗਮਾ

ਖੰਨਾ: ਨੇੜਲੇ ਪਿੰਡ ਰੋਹਣੋ ਕਲਾਂ ਦੇ ਹੋਣਹਾਰ ਵਿਦਿਆਰਥੀ ਦਿਲਕਸ਼ ਬੈਨੀਪਾਲ ਪੁੱਤਰ ਜਸਵੀਰ ਸਿੰਘ ਬੈਨੀਪਾਲ ਨੇ ਅੰਡਰ 17 'ਚ ਇੰਟਰ ਸਟੇਟ ਸਕੂਲੀ ਖੇਡਾਂ ਦੌਰਾਨ ਗ੍ਰੀਕੋ ਰੋਮਨ ਕੁਸ਼ਤੀ (80 ਕਿਲੋ ਭਾਰ) ਵਿੱਚ ਸਿਲਵਰ ਮੈਡਲ ਜਿੱਤ ਕੇ ਆਪਣੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ਹੈ। ਦਿਲਕਸ਼ ਬੈਨੀਪਾਲ ਦੇ ਪਿਤਾ ਜਸਵੀਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਦਿਲਕਸ਼ ਅਜੀਤ ਕਰਮ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਚੰਡੀਗੜ੍ਹ (ਸੈਕਟਰ 45) ਦੇ +1 ਦਾ ਵਿਦਿਆਰਥੀ ਹੈ। ਉਸ ਦੀ ਜਿੱਤ ਲਗਨ, ਮਿਹਨਤ ਅਤੇ ਕੋਚ ਸਾਹਿਬਾਨ ਦੀ ਕਰਵਾਈ ਸਖਤ ਮਿਹਨਤ ਦਾ ਨਤੀਜਾ ਹੈ। ਦਿਲਕਸ਼ ਬੈਨੀਪਾਲ ਸਰਕਾਰੀ ਸਪੋਰਟਸ ਅਕੈਡਮੀ ਚੰਡੀਗੜ੍ਹ 'ਚ ਰੋਜਾਨਾ ਸਵੇਰੇ ਸ਼ਾਮ ਕੋਚ ਪ੍ਰਵੀਨ ਕੁਮਾਰ ਕੋਲੋਂ ਗ੍ਰੀਕੋ ਕੁਸ਼ਤੀ ਦੇ ਦਾਅ ਪੇਚ ਸਿੱਖ ਰਿਹਾ ਹੈ। ਉਹਨਾਂ ਅੱਗੇ ਦੱਸਿਆ ਕਿ ਉਹ ਖੇਡਾਂ ਦੇ ਨਾਲ-ਨਾਲ ਪੜ੍ਹਾਈ ਵਿੱਚ ਵੀ ਨਾਮਣਾ ਖੱਟ ਰਿਹਾ ਹੈ। ਸਕੂਲ ਦੇ ਪ੍ਰਿੰਸੀਪਲ ਪਾਮਿਲਾ ਕੌਰ ਨੇ ਕਿਹਾ ਕਿ ਅਜਿਹੇ ਹੋਣਹਾਰ ਖਿਡਾਰੀਆਂ 'ਤੇ ਸਾਨੂੰ ਮਾਣ ਹੈ, ਜੋ ਸਕੂਲ ਦਾ ਨਾਂ ਰੋਸ਼ਨ ਕਰ ਰਹੇ ਹਨ। ਇਸ ਜਿੱਤ ਦੀ ਖੁਸ਼ੀ ਵਿੱਚ ਦਿਲਕਸ਼ ਬੈਨੀਪਾਲ ਦੇ ਪਰਿਵਾਰ ਨੂੰ ਰਿਸ਼ਤੇਦਾਰਾਂ, ਸਕੇ ਸਬੰਧੀਆਂ ਵੱਲੋਂ ਵਧਾਈਆਂ ਮਿਲ ਰਹੀਆਂ ਹਨ।

ਹਿੰਦੂ ਮੰਦਰ ਨੂੰ ਉਡਾਉਣ ਅਤੇ ਕਤਲੇਆਮ ਦੀ ਵੱਡੀ ਸਾਜ਼ਿਸ਼ ਨਾਕਾਮ: 19 ਸਾਲਾ ਨਵ-ਨਾਜ਼ੀ ਸ਼ੱਕੀ ਗ੍ਰਿਫ਼ਤਾਰ



ਸ਼ਿਕਾਗੋ (ਅਮਰੀਕਾ) : ਅਮਰੀਕਾ ਦੇ ਸ਼ਿਕਾਗੋ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਪੁਲਿਸ ਨੇ ਇੱਕ ਹਿੰਦੂ ਮੰਦਰ ਵਿੱਚ ਸਮੂਹਿਕ ਗੋਲੀਬਾਰੀ ਅਤੇ ਕਤਲੇਆਮ ਕਰਨ ਦੀ ਖ਼ੌਫ਼ਨਾਕ ਸਾਜ਼ਿਸ਼ ਨੂੰ ਸਮੇਂ ਸਿਰ ਨਾਕਾਮ ਕਰ ਦਿੱਤਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ 19 ਸਾਲਾ ਨਵ-ਨਾਜ਼ੀ ਸ਼ੱਕੀ ਨੂੰ ਗ੍ਰਿਫ਼ਤਾਰ ਕਰਦਿਆਂ ਉਸਦੇ ਕਬਜ਼ੇ ਵਿੱਚੋਂ ਘਾਤਕ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਹੈ।

ਕਿਵੇਂ ਸਾਹਮਣੇ ਆਈ ਸਾਜ਼ਿਸ਼?

ਅਧਿਕਾਰੀਆਂ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਸ਼ੱਕੀ ਦੀ ਪਛਾਣ ਅਲੈਗਜ਼ੈਂਡਰੋਸ ਪਾਪੋਰਕਿਸ ਵਜੋਂ ਹੋਈ ਹੈ, ਜੋ ਆਪਣੇ ਆਪ ਨੂੰ ਗੋਰਾ ਸਰਬੋਤਮਵਾਦੀ (White Supremacist) ਅਤੇ ਨਵ-ਨਾਜ਼ੀ ਮੰਨਦਾ ਹੈ। ਸ਼ੱਕੀ ਨੇ ਸ਼ਿਕਾਗੋ ਤੋਂ ਲਗਭਗ 70 ਕਿਲੋਮੀਟਰ ਦੂਰ ਔਰੋਰਾ ਸਥਿਤ ਇੱਕ ਹਿੰਦੂ ਮੰਦਰ ਵਿੱਚ ਜਾ ਕੇ ਆਪਣੀ ਰਾਈਫਲ ਨਾਲ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਰਾਈਫਲ ਦਾ ਟਰਿੱਗਰ ਜਾਮ ਹੋ ਜਾਣ ਕਾਰਨ ਗੋਲੀ ਨਹੀਂ ਚੱਲੀ ਅਤੇ ਵੱਡਾ ਹਾਦਸਾ ਟਲ ਗਿਆ।

ਇਸ ਘਟਨਾ ਤੋਂ ਬਾਅਦ ਦੋਸ਼ੀ ਨੇ ਆਪਣੇ ਇੱਕ ਸਹਿ-ਕਰਮੀ (ਕੋ-ਵਰਕਰ) ਸਾਹਮਣੇ ਆਪਣਾ ਜੁਰਮ ਕਬੂਲ ਕਰ ਲਿਆ ਅਤੇ ਆਪਣੀ ਯੋਜਨਾ ਬਾਰੇ ਦੱਸਿਆ। ਸਾਥੀ ਕਰਮਚਾਰੀ ਨੇ ਘਬਰਾ ਕੇ ਤੁਰੰਤ ਪੁਲਿਸ ਨੂੰ ਸੂਚਿਤ ਕਰ ਦਿੱਤਾ, ਜਿਸ ਤੋਂ ਬਾਅਦ ਪੈਲਾਟਾਈਨ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਸ਼ੱਕੀ ਨੂੰ ਉਸਦੇ ਘਰ ਦੇ ਬਾਹਰੋਂ ਗ੍ਰਿਫ਼ਤਾਰ ਕਰ ਲਿਆ।

**ਹਥਿਆਰ ਅ

ਅੰਮ੍ਰਿਤਸਰ ਪੁਲਿਸ ਕਮਿਸ਼ਨਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ

DC ਦਫ਼ਤਰ ਤੇ ਕੋਰਟ ਕੰਪਲੈਕਸ ਦੀ ਵੀ ਜਾਂਚ

ਅੰਮ੍ਰਿਤਸਰ: ਅੰਮ੍ਰਿਤਸਰ ਵਿੱਚ ਪੁਲਿਸ ਕਮਿਸ਼ਨਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਚੌਕਸ ਹੋ ਗਿਆ। ਇਹ ਧਮਕੀ ਈ-ਮੇਲ ਰਾਹੀਂ ਦਿੱਤੀ ਗਈ, ਜਿਸ ਤੋਂ ਬਾਅਦ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਕਮਿਸ਼ਨਰ ਦਫ਼ਤਰ, ਡਿਪਟੀ ਕਮਿਸ਼ਨਰ (DC) ਦਫ਼ਤਰ ਅਤੇ ਕੋਰਟ ਕੰਪਲੈਕਸ ਵਿੱਚ ਤਲਾਸ਼ੀ ਮੁਹਿੰਮ ਚਲਾਈ। ਤਿੰਨਾਂ ਥਾਵਾਂ 'ਤੇ ਐਂਟੀ-ਸਬੋਟਾਜ ਜਾਂਚ ਕੀਤੀ ਗਈ, ਤਾਂ ਜੋ ਕਿਸੇ ਵੀ ਸ਼ੱਕੀ ਵਸਤੂ ਜਾਂ ਸੰਭਾਵੀ ਖ਼ਤਰੇ ਦਾ ਪਤਾ ਲਗਾਇਆ ਜਾ ਸਕੇ।

ਤਿੰਨਾਂ ਕੰਪਲੈਕਸਾਂ ਦੀ ਬਾਰੀਕੀ ਨਾਲ ਜਾਂਚ

ਡੀਸੀਪੀ ਜੁਗਰਾਜ ਸਿੰਘ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਤਿੰਨਾਂ ਥਾਵਾਂ ਦੀ ਬਾਰੀਕੀ ਨਾਲ ਜਾਂਚ ਕੀਤੀ। ਹਾਲਾਂਕਿ, ਇਸ ਦੌਰਾਨ ਕੋਈ ਸ਼ੱਕੀ ਵਸਤੂ ਜਾਂ ਸ਼ੱਕੀ ਗਤੀਵਿਧੀ ਸਾਹਮਣੇ ਨਹੀਂ ਆਈ।

ਉਨ੍ਹਾਂ ਮੁਤਾਬਕ, ਤਲਾਸ਼ੀ ਤੋਂ ਬਾਅਦ ਪੁਲਿਸ ਕਮਿਸ਼ਨਰ ਦਫ਼ਤਰ, DC ਦਫ਼ਤਰ ਅਤੇ ਕੋਰਟ ਕੰਪਲੈਕਸ ਵਿੱਚ ਹਾਲਾਤ ਆਮ ਅਤੇ ਸ਼ਾਂਤੀਪੂਰਨ ਪਾਏ ਗਏ। ਫਿਲਹਾਲ ਜਾਂਚ ਦੌਰਾਨ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਮਿਲਣ ਦੀ ਜਾਣਕਾਰੀ ਨਹੀਂ ਹੈ। ਡੀਸੀਪੀ ਜੁਗਰਾਜ ਸਿੰਘ ਨੇ ਕਿਹਾ ਕਿ ਪੁਲਿਸ ਸੁਰੱਖਿਆ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਚੌਕਸ ਹੈ ਅਤੇ ਕਿਸੇ ਵੀ ਸੂਚਨਾ ਨੂੰ ਹਲਕੇ ਵਿੱਚ ਨਹੀਂ ਲਿਆ ਜਾਂਦਾ। ਸੁਰੱਖਿਆ ਦੇ ਮੱਦੇਨਜ਼ਰ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਟੀਮਾਂ ਲਗਾਤਾਰ ਸੁਰੱਖਿਆ ਪ੍ਰਬੰਧਾਂ 'ਤੇ ਨਜ਼ਰ ਰੱਖ ਰਹੀਆਂ ਹਨ ਅਤੇ ਲੋੜ ਮੁਤਾਬਕ ਚੈਕਿੰਗ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਸ਼ਾਂਤੀ ਅਤੇ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਸੁਰੱਖਿਆ ਨਾਲ ਜੁੜੇ ਸਾਰੇ ਪਹਿਲੂਆਂ ਦੀ ਸਮੀਖਿਆ ਕੀਤੀ ਜਾ ਰਹੀ ਹੈ।

ਧੁੰਦ ਅਤੇ ਤਿਉਹਾਰਾਂ ਦੇ ਮੱਦੇਨਜ਼ਰ ਸੁਰੱਖਿਆ ਵਧਾਉਣ ਦੀ ਤਿਆਰੀ

ਪੁਲਿਸ ਅਨੁਸਾਰ, ਆਉਣ ਵਾਲੇ ਦਿਨਾਂ ਵਿੱਚ ਧੁੰਦ ਅਤੇ ਤਿਉਹਾਰਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕੀਤੇ ਜਾਣਗੇ। ਪੁਲਿਸ ਦਾ ਕਹਿਣਾ ਹੈ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣਾ ਅਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਉਸ ਦੀ ਪਹਿਲ ਹੈ। ਫਿਲਹਾਲ, ਬੰਬ ਦੀ ਧਮਕੀ ਤੋਂ ਬਾਅਦ ਕੀਤੀ ਗਈ ਤਲਾਸ਼ੀ ਦੌਰਾਨ ਤਿੰਨਾਂ ਕੰਪਲੈਕਸਾਂ ਵਿੱਚੋਂ ਕੋਈ ਸ਼ੱਕੀ ਵਸਤੂ ਨਹੀਂ ਮਿਲੀ।

ਪੰਜਾਬ ਨੂੰ ਪਹਿਲੀ ਵਾਰ ਮਿਲੀ 'ਕੰਮ' ਕਰਨ ਵਾਲੀ ਸਰਕਾਰ: CM ਮਾਨ

ਧੂਰੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਜਿਹੀ ਸਰਕਾਰ ਆਈ ਹੈ, ਜੋ ਦਿਨ-ਰਾਤ ਲੋਕਾਂ ਲਈ ਕੰਮ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਢੇ ਚਾਰ ਸਾਲਾਂ ਦੇ ਕੰਮਾਂ ਨੇ ਉਨ੍ਹਾਂ ਦੀ ਸਰਕਾਰ ਦਾ ਲੋਕਾਂ ਵਿੱਚ ਵਿਸ਼ਵਾਸ ਬਣਾਇਆ ਹੈ। ਕਿਸਾਨਾਂ ਲਈ ਦਿਨ ਵੇਲੇ ਬਿਜਲੀ ਅਤੇ ਨਹਿਰੀ ਪਾਣੀ, ਸਰਕਾਰੀ ਸਕੀਮਾਂ ਰਾਹੀਂ ਹਰ ਪਰਿਵਾਰ ਲਈ 15,000 ਰੁਪਏ ਦੀ ਮਹੀਨਾਵਾਰ ਬੱਚਤ ਅਤੇ ਝੋਨੇ ਦੀ ਖਰੀਦ ਦੀ ਤੁਰੰਤ ਅਦਾਇਗੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਰਿਕਾਰਡ ਆਪਣੇ-ਆਪ ਬੋਲਦਾ ਹੈ। ਭਾਜਪਾ ਅਤੇ ਹੋਰ ਵਿਰੋਧੀਆਂ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦਾ ਅਕਸ ਖਰਾਬ ਕਰਨ ਦੀਆਂ ਘਟੀਆ ਕੋਸ਼ਿਸ਼ਾਂ ਅਤੇ ਉਨ੍ਹਾਂ ਦੀ ਇਮਾਨਦਾਰੀ ਨੂੰ ਢਾਹ ਲਾਉਣ ਦੀਆਂ ਕੋਝੀਆਂ ਚਾਲਾਂ ਨਾਕਾਮ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਦਫ਼ਤਰ 'ਤੇ ਛਾਪੇਮਾਰੀ ਤੋਂ ਬਾਅਦ ਸੀ.ਬੀ.ਆਈ. ਖਾਲੀ ਹੱਥ ਪਰਤੀ ਸੀ। ਉਨ੍ਹਾਂ ਦੁਹਰਾਇਆ ਕਿ ਉਨ੍ਹਾਂ ਦੇ ਦਰਵਾਜ਼ੇ ਪੰਜਾਬ ਦੇ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਰਹਿਣਗੇ। 'ਐਕਸ' 'ਤੇ ਵਿਚਾਰ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ: "ਅੱਜ ਮੈਂ ਧੂਰੀ ਹਲਕੇ ਦੇ ਇਨਕਲਾਬੀ ਪਿੰਡ ਮੀਮਸਾ ਵਿਖੇ ਪਿੰਡ ਦੇ ਇਕੱਠ ਵਿੱਚ ਆਪਣੇ ਲੋਕਾਂ ਨਾਲ ਆਪਣੇ ਵਿਚਾਰ ਅਤੇ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਤੁਹਾਡੇ ਨਿੱਘੇ ਪਿਆਰ ਅਤੇ ਸਹਿਯੋਗ ਸਦਕਾ ਹੀ ਧੂਰੀ ਅੱਜ ਪੰਜਾਬ ਦੀ ਸਿਆਸਤ ਦਾ 'ਧੁਰਾ' ਬਣ ਗਿਆ ਹੈ। ਪਿਛਲੀਆਂ ਸਰਕਾਰਾਂ ਦੇ ਖੋਖਲੇ ਦਾਅਵਿਆਂ ਦੇ ਉਲਟ ਅਸੀਂ ਜ਼ਮੀਨੀ ਪੱਧਰ 'ਤੇ ਵੱਡੇ ਕੰਮ ਕੀਤੇ ਹਨ। ਕਿਸਾਨਾਂ ਲਈ ਦਿਨ ਵੇਲੇ ਬਿਜਲੀ, ਸਿੰਚਾਈ ਰਾਹੀਂ 88 ਫੀਸਦੀ ਖੇਤਾਂ ਤੱਕ ਨਹਿਰੀ ਪਾਣੀ, 70,685 ਸਰਕਾਰੀ ਨੌਕਰੀਆਂ, ਮੁਫ਼ਤ ਸਿਹਤ ਸੰਭਾਲ ਅਤੇ ਜ਼ੀਰੋ ਬਿਜਲੀ ਬਿੱਲਾਂ ਨਾਲ ਹਰ ਪਰਿਵਾਰ ਨੂੰ ਸਾਲਾਨਾ 1.82 ਲੱਖ ਰੁਪਏ ਦਾ ਲਾਭ ਹੋ ਰਿਹਾ ਹੈ। 'ਮਾਵਾਂ ਧੀਆ ਸਤਿਕਾਰ ਯੋਜਨਾ' ਰਾਹੀਂ ਮਾਵਾਂ-ਭੈਣਾਂ ਨੂੰ ਦਿੱਤੀ ਜਾ ਰਹੀ ਮਹੀਨਾਵਾਰ ਵਿੱਤੀ ਸਹਾਇਤਾ ਉਨ੍ਹਾਂ ਦੇ ਬਣਦੇ ਮਾਣ-ਸਤਿਕਾਰ ਦੀ ਪਛਾਣ ਹੈ। ਤੁਹਾਡੇ ਆਸ਼ੀਰਵਾਦ ਨਾਲ ਅਸੀਂ ਵਾਹਿਗੁਰੂ ਵੱਲੋਂ ਸੌਂਪੀ ਗਈ ਲੋਕ ਸੇਵਾ ਦੀ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਂਦੇ ਰਹਾਂਗੇ। ਇਨਕਲਾਬ ਜ਼ਿੰਦਾਬਾਦ।"

'ਲੋਕ ਮਿਲਣੀ' ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੇ ਲੋਕਾਂ ਨੇ ਵਾਅਦੇ ਕਰਨ ਵਾਲੀਆਂ ਸਰਕਾਰਾਂ ਅਤੇ ਨਤੀਜੇ ਦੇਣ ਵਾਲੀ ਸਰਕਾਰ ਵਿਚਕਾਰ ਫਰਕ ਦੇਖਿਆ ਹੈ। ਅਸੀਂ ਪਿਛਲੇ ਸਾਢੇ ਚਾਰ ਸਾਲਾਂ ਦੇ ਆਪਣੇ ਕੰਮਾਂ ਰਾਹੀਂ ਉਨ੍ਹਾਂ ਦਾ ਵਿਸ਼ਵਾਸ ਜਿੱਤਿਆ ਹੈ। ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਲੋਕਾਂ ਦਾ ਹੈ ਅਤੇ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਵਿਕਾਸ, ਬਿਹਤਰ ਜਨਤਕ ਸੇਵਾਵਾਂ ਅਤੇ ਲੋਕ ਭਲਾਈ ਦੀਆਂ ਪਹਿਲਕਦਮੀਆਂ ਰਾਹੀਂ ਉਨ੍ਹਾਂ ਦਾ ਪੈਸਾ ਉਨ੍ਹਾਂ ਤੱਕ ਵਾਪਸ ਪਹੁੰਚੇ।"

ਮੁੱਖ ਮੰਤਰੀ ਨੇ ਕਿਹਾ, "ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਲੋਕਾਂ ਦਾ ਹੈ ਅਤੇ ਅਸੀਂ ਉਨ੍ਹਾਂ ਦੀ ਭਲਾਈ 'ਤੇ ਸਮਝਦਾਰੀ ਨਾਲ ਪੈਸਾ ਖਰਚ ਕਰ ਰਹੇ ਹਾਂ। ਲੋਕਾਂ ਦਾ ਪੈਸਾ ਸੂਬੇ ਦੇ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਉਨ੍ਹਾਂ ਕੋਲ ਵਾਪਸ ਆ ਰਿਹਾ ਹੈ। 90 ਫੀਸਦੀ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜੋ ਪੰਜਾਬ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਹੋਇਆ।" ਉਨ੍ਹਾਂ ਕਿਹਾ, "ਸਾਡੀ ਸਰਕਾਰ ਲੋਕਾਂ ਲਈ ਕੰਮ ਕਰ ਰਹੀ ਹੈ। ਅਸੀਂ ਬਿਨਾਂ ਭ੍ਰਿਸ਼ਟਾਚਾਰ ਦੇ 70,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ, ਸੜਕਾਂ ਵਿੱਚ ਸੁਧਾਰ ਕੀਤਾ ਹੈ, ਸਕੂਲਾਂ ਅਤੇ ਹਸਪਤਾਲਾਂ ਨੂੰ ਮਜ਼ਬੂਤ ਕੀਤਾ ਹੈ, ਅਤੇ ਟੋਲ ਪਲਾਜ਼ੇ ਬੰਦ ਕੀਤੇ ਹਨ ਤਾਂ ਜੋ ਰਾਹਗੀਰਾਂ ਦੇ ਰੋਜ਼ਾਨਾ 70 ਲੱਖ ਰੁਪਏ ਬਚਾਏ ਜਾ ਸਕਣ, ਜੋ ਪਹਿਲਾਂ ਬਿਨਾਂ ਵਜ੍ਹਾ ਖਰਚ ਹੁੰਦੇ ਸਨ। ਅਸੀਂ ਪਿੰਡਾਂ ਦਾ ਵਿਕਾਸ ਵੀ ਕਰ ਰਹੇ ਹਾਂ ਅਤੇ ਖੇਡ ਸਟੇਡੀਅਮ ਬਣਾ ਰਹੇ ਹਾਂ ਤਾਂ ਜੋ ਸਾਡੇ ਨੌਜਵਾਨ ਖੇਡਾਂ 'ਤੇ ਧਿਆਨ ਕੇਂਦਰਿਤ ਕਰ ਸਕਣ ਅਤੇ ਬਿਹਤਰ ਭਵਿੱਖ ਬਣਾ ਸਕਣ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਿਹਤ ਸੰਭਾਲ ਹਰ ਪਰਿਵਾਰ ਦੀ ਪਹੁੰਚ ਵਿੱਚ ਹੋਣੀ ਚਾਹੀਦੀ ਹੈ। 'ਮੁੱਖ ਮੰਤਰੀ ਸਿਹਤ ਯੋਜਨਾ' ਰਾਹੀਂ ਅਸੀਂ ਪ੍ਰਤੀ ਪਰਿਵਾਰ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾ ਰਹੇ ਹਾਂ। ਇਸ ਪਹਿਲਕਦਮੀ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਲੋਕ ਹਸਪਤਾਲ ਦੇ ਬਿੱਲਾਂ ਦੀ ਚਿੰਤਾ ਕੀਤੇ ਬਿਨਾਂ ਮਿਆਰੀ ਡਾਕਟਰੀ ਇਲਾਜ ਪ੍ਰਾਪਤ ਕਰ ਸਕਣ।" 'ਮਾਵਾਂ ਧੀਆ ਸਤਿਕਾਰ ਯੋਜਨਾ' ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ 18 ਸਾਲ ਅਤੇ ਉਸ ਤੋਂ ਵੱਧ ਉਮਰ ਦੀਆਂ ਯੋਗ ਔਰਤਾਂ ਨੂੰ 1 ਜੁਲਾਈ ਤੋਂ ਹਰ ਮਹੀਨੇ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਦੀ ਵਿੱਤੀ ਸਹਾਇਤਾ ਮਿਲ ਰਹੀ ਹੈ। ਮੁੱਖ ਮੰਤਰੀ ਨੇ ਕਿਹਾ, "ਇਹ ਰਕਮ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਗਈ ਹੈ ਅਤੇ ਪਹਿਲਾਂ ਤੋਂ ਸਮਾਜਿਕ ਸੁਰੱਖਿਆ ਪੈਨਸ਼ਨ ਲੈ ਰਹੀਆਂ ਔਰਤਾਂ ਵੀ ਇਸ ਲਈ ਯੋਗ ਹਨ।

ਕਿਸਾਨਾਂ ਦੀ ਫ਼ਸਲ ਬਰਬਾਦ ਹੋਣ ਲਈ ਭਗਵੰਤ ਮਾਨ ਸਰਕਾਰ ਜ਼ਿੰਮੇਵਾਰ: ਪਰਗਟ ਸਿੰਘ

ਚੰਡੀਗੜ੍ਹ: ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਵਿਧਾਇਕ ਪਰਗਟ ਸਿੰਘ ਨੇ ਬੇਮੌਸਮੀ ਬਾਰਿਸ਼ ਅਤੇ ਮੰਡੀਆਂ ਵਿੱਚ ਝੋਨੇ ਦੀ ਫ਼ਸਲ ਦੀ ਸੰਭਾਲ ਲਈ ਲੋੜੀਂਦੇ ਪ੍ਰਬੰਧਾਂ ਦੀ ਘਾਟ ਕਾਰਨ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਛੇ ਮਹੀਨਿਆਂ ਦੀ ਸਖ਼ਤ ਮਿਹਨਤ, ਭਾਰੀ ਖ਼ਰਚੇ ਅਤੇ ਅਨੇਕਾਂ ਮੁਸ਼ਕਲਾਂ ਤੋਂ ਬਾਅਦ ਆਪਣੀ ਫ਼ਸਲ ਮੰਡੀਆਂ ਵਿੱਚ ਲੈ ਕੇ ਪਹੁੰਚਦੇ ਹਨ, ਪਰ ਉੱਥੇ ਲੋੜੀਂਦੇ ਪ੍ਰਬੰਧਾਂ ਦੀ ਘਾਟ ਕਾਰਨ ਉਨ੍ਹਾਂ ਦੀ ਫ਼ਸਲ ਬਰਬਾਦ ਹੋ ਰਹੀ ਹੈ। ਇਹ ਸਰਕਾਰ ਦੀ ਨਾਕਾਮੀ ਦਾ ਬੇਹੱਦ ਗੰਭੀਰ ਮਾਮਲਾ ਹੈ। ਉਨ੍ਹਾਂ ਕਿਹਾ ਕਿ ਇੱਕ-ਇੱਕ ਦਾਣਾ ਖ਼ਰੀਦਣ ਦੇ ਦਾਅਵੇ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਕਿਸਾਨਾਂ ਨੂੰ ਮੰਡੀਆਂ ਵਿੱਚ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਅਸਫ਼ਲ ਸਾਬਤ ਹੋਏ ਹਨ। ਇੱਥੋਂ ਤੱਕ ਕਿ ਕਿਸਾਨਾਂ ਨੂੰ ਫ਼ਸਲ ਦੀ ਖ਼ਰੀਦ ਦਾ ਭੁਗਤਾਨ ਵੀ ਸਮੇਂ ਸਿਰ ਨਹੀਂ ਹੋ ਰਿਹਾ। ਕਿਸਾਨਾਂ ਨੂੰ ਆਪਣੀ ਫ਼ਸਲ ਦੀ ਸੰਭਾਲ, ਖ਼ਰੀਦ ਅਤੇ ਅਦਾਇਗੀ ਲਈ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਕੇਂਦਰ ਸਰਕਾਰ 'ਤੇ ਤੰਜ਼ ਕੱਸਦਿਆਂ ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਦਾ ਮੰਡੀਕਰਨ ਸਿਸਟਮ ਦੇਸ਼ ਵਿੱਚ ਕਿਸਾਨਾਂ ਦੀ ਉਪਜ ਦੀ ਖ਼ਰੀਦ ਅਤੇ ਉਸ ਨੂੰ ਬਾਜ਼ਾਰ ਤੱਕ ਪਹੁੰਚਾਉਣ ਲਈ ਇੱਕ ਮਜ਼ਬੂਤ ਪ੍ਰਣਾਲੀ ਵਜੋਂ ਵਿਕਸਤ ਹੋਇਆ ਸੀ। ਪਰ ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਇਸ ਨੂੰ ਕਮਜ਼ੋਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਭਾਜਪਾ ਦੀ ਬੀ-ਟੀਮ ਆਮ ਆਦਮੀ ਪਾਰਟੀ ਵੀ ਪੰਜਾਬ ਦੀ ਮੰਡੀਕਰਨ ਵਿਵਸਥਾ ਨੂੰ ਕਮਜ਼ੋਰ ਕਰਨ ਵਿੱਚ ਲੱਗੀ ਹੋਈ ਹੈ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਮੰਡੀਕਰਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਮੰਡੀਆਂ ਵਿੱਚ ਕਿਸਾਨਾਂ ਦੀ ਫ਼ਸਲ ਦੀ ਸੁਰੱਖਿਆ, ਸਮੇਂ ਸਿਰ ਖ਼ਰੀਦ, ਲਿਫ਼ਟਿੰਗ ਅਤੇ ਭੰਡਾਰਨ ਦੇ ਲੋੜੀਂਦੇ ਪ੍ਰਬੰਧ ਕਰਨ ਵਿੱਚ ਨਾਕਾਮ ਰਹੀ ਹੈ। ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਫ਼ਸਲ ਨੂੰ ਸੁਰੱਖਿਅਤ ਰੱਖਣ ਅਤੇ ਉਸ ਦੀ ਸਮੇਂ ਸਿਰ ਖ਼ਰੀਦ ਤੇ ਚੁਕਾਈ ਲਈ ਪਹਿਲਾਂ ਤੋਂ ਪ੍ਰਬੰਧ ਕਿਉਂ ਨਹੀਂ ਕੀਤੇ ਗਏ।

ਪਰਵਿੰਦਰ ਸਿੰਘ ਝੋਟਾ ਮਾਮਲੇ 'ਚ ਵੱਡਾ ਅਪਡੇਟ, ਅਸ਼ਵਨੀ ਕੁਮਾਰ ਗ੍ਰਿਫ਼ਤਾਰ

ਮਾਨਸਾ 'ਚ ਮਾਹੌਲ ਤਣਾਅਪੂਰਨ, ਮੁਲਜ਼ਮ ਦੇ ਘਰ ਚੱਲਿਆ ਬਲਡੋਜ਼ਰ

ਮਾਨਸਾ: ਮਾਨਸਾ ਵਿੱਚ ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਿਲ ਸਮਾਜਿਕ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਵਿੱਚ ਇੱਕ ਵੱਡਾ ਅਪਡੇਟ ਸਾਹਮਣੇ ਆਇਆ ਹੈ। ਪੁਲਿਸ ਸੂਤਰਾਂ ਦਾ ਦਾਅਵਾ ਹੈ ਕਿ ਇਸ ਘਟਨਾ ਵਿੱਚ ਗੋਲੀ ਚਲਾਉਣ ਵਾਲੇ ਦੋਸ਼ੀ ਅਸ਼ਵਨੀ ਕੁਮਾਰ ਨੂੰ ਰਾਜਸਥਾਨ ਦੇ ਸਾਲਾਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹਾਲਾਂਕਿ, ਖਬਰ ਲਿਖੇ ਜਾਣ ਤੱਕ ਪੁਲਿਸ ਨੇ ਅਧਿਕਾਰਤ ਤੌਰ 'ਤੇ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਕੀਤੀ ਸੀ।

ਬੀਤੇ ਦਿਨੀ 13 ਅਕਤੂਬਰ 2026 ਦੀ ਸਵੇਰ ਨੂੰ ਝੋਟਾ ਇਕ ਬਜ਼ੁਰਗ ਵਿਅਕਤੀ ਨੂੰ ਲੈ ਕੇ ਅਸ਼ਵਨੀ ਦੀ ਕੈਮਿਸਟ ਦੁਕਾਨ 'ਤੇ ਪਹੁੰਚਿਆ, ਜਿਸਨੇ ਦੋਸ਼ ਲਾਇਆ ਕਿ ਉਸਨੂੰ ਉੱਥੋਂ ਨਸ਼ੀਲੇ ਪਦਾਰਥ ਮਿਲੇ ਹਨ। ਫੇਸਬੁੱਕ ਲਾਈਵ 'ਤੇ ਕੀਤੀ ਗਈ ਇਸ ਮੁਲਾਕਾਤ ਦੌਰਾਨ ਦੋਵਾਂ ਵਿਚਕਾਰ ਬਹਿਸ ਹੋਈ ਅਤੇ ਅਸ਼ਵਨੀ ਨੇ ਆਪਣੀ ਲਾਇਸੰਸਸ਼ੁਦਾ ਪਿਸਤੌਲ ਨਾਲ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿਚ ਝੋਟਾ ਦੇ ਚਾਰ ਸਾਥੀ ਵੀ ਜ਼ਖ਼ਮੀ ਹੋਏ। ਰਿਪੋਰਟਾਂ ਅਨੁਸਾਰ, ਮੰਗਲਵਾਰ ਨੂੰ ਮਾਨਸਾ ਵਿੱਚ ਪਰਵਿੰਦਰ ਸਿੰਘ ਝੋਟਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਦਾ ਨਾਮ ਸਾਹਮਣੇ ਆਇਆ ਹੈ। ਇਸ ਘਟਨਾ ਨਾਲ ਇਲਾਕੇ ਵਿੱਚ ਚਿੰਤਾ ਅਤੇ ਗੁੱਸੇ ਦਾ

ਪੰਜਾਬ ਸਟਾਰ PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

ਉਂਕਾਰਪ੍ਰੀਤ ਦੀ 'ਕਣ-ਕਣ ਕਥਾ'- ਇੱਕ ਦ੍ਰਿਸ਼ਟੀਕੋਣ

ਉਂਕਾਰਪ੍ਰੀਤ ਨਾਲ ਮੇਰੀ ਵਾਕਫ਼ੀਅਤ ਉਸਦੀ 2005 ਵਿੱਚ ਛਪੀ ਉਂਕਾਰਪ੍ਰੀਤ ਦੀ ਗ਼ਜ਼ਲਾਂ ਦੀ ਪੁਸਤਕ 'ਮਿੱਪਲ ਦੀ ਕੈਨਵਸ' ਰਾਹੀਂ ਹੋਈ ਜੋ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ 'ਭਾਈ ਗੁਰਦਾਸ ਲਾਇਬ੍ਰੇਰੀ' ਵਿੱਚ ਪੜ੍ਹੀ, ਜਿੱਥੇ ਮੈਂ ਉਦੋਂ ਡਿਪਟੀ ਲਾਇਬ੍ਰੇਰੀਅਨ ਵਜੋਂ ਸੇਵਾ ਨਿਭਾ ਰਿਹਾ ਸੀ। ਰੁੱਖਾਂ ਵਿੱਚ ਮੇਰੀ ਵੀ ਕਾਫ਼ੀ ਦਿਲਚਸਪੀ ਸੀ ਅਤੇ ਇਸ ਦੌਰਾਨ ਉਦੋਂ ਪੰਜਾਬ ਦੇ ਰੁੱਖਾਂ ਬਾਰੇ ਮੇਰੀ ਪਹਿਲੀ ਕਿਤਾਬ 'ਪੰਜਾਬ ਦੇ ਲੋਕ-ਰੁੱਖ' 2000 ਵਿੱਚ ਛਪ ਚੁੱਕੀ ਸੀ। ਉਸ ਤੋਂ ਬਾਅਦ ਰੁੱਖਾਂ ਬਾਰੇ ਮੇਰੀਆਂ ਦੋ ਹੋਰ ਪੁਸਤਕਾਂ 'ਸਾਡੇ ਰੁੱਖ' (2010) ਅਤੇ 'ਉੱਤਰੀ ਅਮਰੀਕਨ ਰੁੱਖ (2015) ਛਪੀਆਂ। ਸਤੰਬਰ 2002 ਵਿੱਚ ਪਹਿਲੀ ਵਾਰ ਕੈਨੇਡਾ ਆਉਣ 'ਤੇ ਮੈਂ ਇੱਥੇ ਮੇਪਲ ਦੇ ਕਈ ਕਿਸਮ ਦੇ ਰੁੱਖ ਵੇਖੇ ਸਨ। ਉਂਕਾਰਪ੍ਰੀਤ ਦੀ ਇਸ ਪੁਸਤਕ ਦੇ ਸਰਵਰਕ 'ਤੇ ਛਪੇ ਅੱਖਰ 'ਮਿੱਪਲ' ਨੂੰ ਵੇਖ ਕੇ ਇੱਕ ਦੰਮ ਮਨ 'ਚ ਆਇਆ ਕਿ ਇਹ ਮਿੱਪਲ ਕਿਹੜਾ ਰੁੱਖ ਹੋਇਆ ਬਈ? ਬੜੀ ਉਤਸੁਕਤਾ ਨਾਲ ਕਿਤਾਬ ਦੀ ਫ਼ੋਲਾ-ਫ਼ਾਲੀ ਕੀਤੀ ਤਾਂ ਪਤਾ ਲੱਗਿਆ ਕਿ ਇਹ ਕਨੇਡਾ ਦੇ ਮੇਪਲ ਤੇ ਪੰਜਾਬ ਦੇ ਪਿੱਪਲ ਦੀ ਕੋਈ 'ਹਾਈਬ੍ਰਿਡ' ਵਰਾਇਟੀ ਹੈ। ਪੁਸਤਕ ਦੀਆਂ ਗ਼ਜ਼ਲਾਂ ਪੜ੍ਹਦਿਆਂ ਇਸ ਸ਼ਿਅਰ ਨੇ ਮੇਰਾ ਧਿਆਨ ਵਿਸ਼ੇਸ਼ ਤੌਰ 'ਤੇ ਖਿੱਚਿਆ ਤੇ ਫਿਰ ਮਿੱਪਲ ਬਾਰੇ ਸਾਰੀ ਗੱਲ ਸਾਫ਼ ਹੋ ਗਈ। ਇੱਕ ਰਾਹੀ ਰੁਕਿਆ, ਚੁੱਪ ਚਾਪ ਤੁਰ ਪਿਆ ਫਿਰ, ਮੇਪਲ ਨੂੰ ਜੱਫੀ ਪਾ ਕੇ, ਪਿੱਪਲ ਦਾ ਨਾਂ ਲੈ ਕੇ।

ਗ਼ਜ਼ਲਾਂ ਵਿੱਚ ਕਈ ਥਾਈਂ ਇਸ ਮਿੱਪਲ ਦਾ ਜ਼ਿਕਰ ਸੀ ਜਿਨ੍ਹਾਂ ਦੇ ਵੱਖ-ਵੱਖ ਸ਼ਿਅਰਾਂ ਵਿੱਚ ਇਸ ਨੂੰ ਪੰਜਾਬੀਆਂ ਦੇ 'ਭੂ-ਹੇਰਵੇ' ਅਤੇ ਕੈਨੇਡਾ ਤੇ ਪੰਜਾਬ ਦੀ 'ਸਾਂਝ' ਦੇ ਪ੍ਰਤੀਕ ਵਜੋਂ ਵਰਤਿਆ ਗਿਆ ਸੀ। ਪੁਸਤਕ ਦੀਆਂ ਸਾਰੀਆਂ ਹੀ ਗ਼ਜ਼ਲਾਂ ਪੜ੍ਹਨ ਤੇ ਮਾਨਣਯੋਗ ਸਨ। ਮੈਂ ਇਸ ਕਿਤਾਬ ਨੂੰ ਨਿੱਠ ਕੇ ਪੜ੍ਹਿਆ ਅਤੇ ਇਸਦਾ ਵਿਸਤ੍ਰਿਤ ਰੀਵਿਊ ਕਰਕੇ ਅੰਮ੍ਰਿਤਸਰ ਤੋਂ ਛਪਦੇ ਸਾਹਿਤਕ ਰਿਸਾਲੇ ਵਿੱਚ ਛਪਣ ਲਈ ਭੇਜ ਦਿੱਤਾ, ਜਿੱਥੇ ਇਸ ਰਿਸਾਲੇ ਦੇ ਸੰਪਾਦਕ ਡਾ. ਜੋਗਿੰਦਰ ਕੈਰੋਂ ਵੱਲੋਂ ਉਸ ਨੂੰ ਬਹੁਤ ਵਧੀਆ ਥਾਂ ਦਿੱਤੀ ਗਈ ਸੀ। ਇਹ ਤਾਂ ਹੋਈ ਉਂਕਾਰਪ੍ਰੀਤ ਦੀਆਂ ਗ਼ਜ਼ਲਾਂ ਦੀ ਪਹਿਲੀ ਕਿਤਾਬ 'ਮਿੱਪਲ ਦੀ ਕੈਨਵਸ' ਦੀ ਗੱਲ। 2019 'ਚ ਛਪਿਆ ਉਸਦਾ ਦੂਸਰਾ ਗ਼ਜ਼ਲ-ਸੰਗ੍ਰਹਿ 'ਆਪਣੀ ਛਾਂ ਦੇ ਸ਼ਬਦ' ਆਈ ਜੋ ਮੈਂ ਪੜ੍ਹਿਆ ਨਹੀਂ। ਇਸ ਲਈ ਉਸਦੇ ਬਾਰੇ ਕੁਝ ਕਹਿਣਾ ਮੇਰੇ ਲਈ ਸੰਭਵ ਨਹੀਂ ਹੈ। ਅਲਬੱਤਾ, 2022 ਵਿੱਚ ਛਪੇ ਉਸਦੇ ਕਾਵਿ-ਸੰਗ੍ਰਹਿ 'ਅਣਫਿਰਿਆ ਮੱਕਾ' ਨੂੰ ਮੈਂ ਨਿੱਠ ਕੇ ਪੜ੍ਹਿਆ ਹੈ ਤੇ ਇਸ ਨੂੰ ਰੀਵਿਊ ਵੀ ਕੀਤਾ ਸੀ। ਇਸ ਦੇ ਨਾਲ ਹੁਣ ਮੈਂ ਉਂਕਾਰਪ੍ਰੀਤ ਦੀ ਹਥਲੀ ਵਾਰਤਕ-ਪੁਸਤਕ 'ਕਣ-ਕਣ ਕਥਾ ਵੱਲ ਆਉਂਦਾ ਹਾਂ, ਜਿਸ ਵਿਚਲੀਆਂ 14 ਕਿਤਾਬਾਂ ਬਾਰੇ ਉਹ 'ਬਾਬੇ ਮਿੱਪਲ' ਦੇ ਨਾਲ ਉਸਦੇ ਕਲਪਿਤ 'ਡੇਰੇ' ਜਾ ਕੇ ਸੰਵਾਦ ਰਚਾਉਂਦਾ ਹੈ। ਇਨ੍ਹਾਂ ਸਾਰੀਆਂ ਕਿਤਾਬਾਂ ਬਾਰੇ ਕੀਤੀ ਗਈ ਚਰਚਾ ਦਾ 'ਸਹਿਜ-ਪਾਠ' ਮੈਂ ਦੋ-ਦੋ, ਤਿੰਨ-ਤਿੰਨ ਕਰਕੇ ਪੰਜਾਂ ਦਿਨਾਂ 'ਚ ਕੀਤਾ ਤਾਂ ਜੋ ਇਹ ਕੁਝ ਯਾਦ ਵੀ ਰਵ੍ਹੇ। ਪੁਸਤਕ ਵਿੱਚ ਲੇਖਕ ਉਂਕਾਰਪ੍ਰੀਤ ਆਪਣੇ ਅਪਾਰਟਮੈਂਟ ਨੇੜਲੇ ਨਿੱਕੇ ਜਿਹੇ 'ਵਣ' 'ਚ ਲਹਿੰਦੀ ਪਗਡੰਡੀ 'ਤੇ ਚੱਲਦਿਆਂ 'ਬਾਬੇ ਮਿੱਪਲ' ਦੇ ਕਲਪਿਤ 'ਡੇਰੇ' ਵੱਲ ਜਾਂਦਾ ਹੈ ਅਤੇ ਉਸ ਦਿਨ ਆਪਣੇ ਝੋਲੇ 'ਚ ਲਿਆਂਦੀ ਗਈ ਕਿਤਾਬ ਅਤੇ ਉਸਦੇ ਲੇਖਕ ਬਾਰੇ ਗੱਲ ਕਰਦਾ ਹੈ। ਇਸ ਪੁਸਤਕ ਵਿਚਲੀਆਂ ਵੱਖ-ਵੱਖ ਕਵੀਆਂ ਦੀਆਂ ਕਿਤਾਬਾਂ ਬਾਰੇ ਗੱਲਬਾਤ ਕਰਨ ਲਈ ਉਂਕਾਰਪ੍ਰੀਤ ਵੱਲੋਂ ਇਹ ਨਿਵੇਕਲਾ ਢੰਗ ਅਪਨਾਇਆ ਗਿਆ ਹੈ। ਸੁਰਿੰਦਰ ਸੋਹਲ ਤੋਂ ਸ਼ੁਰੂ ਹੋ ਕੇ ਉਹ ਵਾਰੀ-ਵਾਰੀ ਡਾ. ਹਰਿਭਜਨ ਸਿੰਘ, ਉਲਫ਼ਤ ਬਾਜਵਾ, ਇਕਬਾਲ ਰਾਮੂਵਾਲੀਆ, ਵੈਦ ਕੇਹਰ ਸਿੰਘ ਮੋਤੀ, ਦਲਜੀਤ ਮੋਖਾਂ, ਦੇਵਿੰਦਰ ਸਤਿਆਰਥੀ, ਨਵਤੇਜ ਭਾਰਤੀ, ਡਾ. ਜਗਤਾਰ, ਰਵਿੰਦਰ ਸਹਿਰਾਅ, ਪ੍ਰਤੀਕ, ਪਾਤਰ ਤੇ ਪਾਸ਼ ਦੀਆਂ ਕਿਤਾਬਾਂ ਬਾਰੇ ਮਿੱਪਲ ਬਾਬੇ ਨੂੰ 'ਦੂਸਰੀ ਧਿਰ' ਬਣਾ ਕੇ ਉਸ ਨਾਲ ਵਧੀਆ ਸੰਵਾਦ ਰਚਾਉਂਦਾ ਹੈ। ਇਹ ਸਾਰੇ ਹੀ ਸੰਵਾਦ ਬੜੇ ਰੌਚਕ ਅਤੇ ਦਿਲਚਸਪ ਹਨ।

ਇਨ੍ਹਾਂ ਵਿੱਚੋਂ ਕਈਆਂ ਕਵੀਆਂ ਨੇ ਰੁੱਖਾਂ ਬਾਰੇ ਬਹੁਤ ਖ਼ੂਬਸੂਰਤ ਲਿਖਿਆ ਹੈ। ਮਸਲਿਨ 'ਖੰਡਰ ਖ਼ਾਮੋਸ਼ੀ ਤੇ



ਰਾਤ' ਵਿਚਲੀਆਂ ਸੁਰਿੰਦਰ ਸੋਹਲ ਦੀਆਂ ਗ਼ਜ਼ਲਾਂ ਦੇ ਸਿੰਬਲ ਤੇ ਮੈਟਾਫ਼ਰ ਲੋਕ-ਮਿੱਥਾਂ ਨੂੰ ਨਵੇਂ ਅਰਥ ਪ੍ਰਦਾਨ ਕਰਦੇ ਹਨ, ਜਦੋਂ ਉਹ ਇਸ ਵਿੱਚ ਕਹਿੰਦਾ ਹੈ :

ਬਿਰਖ ਦਾ ਤਾਂ ਧਰਮ ਹੈ
ਹਰ ਹਾਲ ਵਿੱਚ ਵੰਡਣਾ ਸਕੂਨ,
ਛਾਂ 'ਚ ਬਹਿ ਜਾਂ ਸੇਕ ਲੈ
ਜਾਂ ਫਿਰ ਬਣਾ ਇਸਦੀ ਰਬਾਬ। (ਪੰਨਾ-16)

ਡਾ. ਹਰਿਭਜਨ ਸਿੰਘ ਦੀ ਪੁਸਤਕ 'ਰੁੱਖ ਤੇ ਰਿਸ਼ੀ' ਵਿੱਚ 'ਰਿਸ਼ੀ' ਦੀ ਪਰਿਭਾਸ਼ਾ ਦਿੰਦਿਆਂ ਉਂਕਾਰਪ੍ਰੀਤ ਮਿੱਪਲ ਬਾਬੇ ਦੇ ਮੂੰਹੋਂ ਅਖਵਾਉਂਦਾ ਹੈ, "ਮਨੁੱਖ ਨੂੰ ਰੁੱਖ ਵਿੱਚ ਮਿਲਾ ਦੇਵੇ ਤਾਂ ਰਿਖੀ ਬਣਦਾ"। ਡਾ. ਸਾਹਿਬ ਆਪਣੀ ਇਸ ਕਿਤਾਬ ਦੀ ਇੱਕ ਕਵਿਤਾ ਵਿੱਚ ਫ਼ਰਮਾਉਂਦੇ ਹਨ :

ਗੱਲ ਸੁਣਨ ਵਾਸਤੇ
ਰੁੱਖ ਦੀ ਜੀਰਾਂਦ ਚਾਹੀਦੀ

ਏਨਾ ਕੁ ਵਕਤ ਕਿ ਧਰਤੀ 'ਚ ਮਾੜੀ ਜਿਹੀ ਜੜ੍ਹ ਲੱਗ ਜਾਵੇ ਏਨਾ ਕੁ ਠਰ੍ਹੰਮਾ ਕਿ ਲੂੰਆਂ 'ਚ ਹੁੰਗਾਰੇ ਜਿਹਾ ਫੁੱਲ ਉੱਗ ਖਲੋਵੇ।
(ਪੰਨਾ- 34)

ਕੇਹਰ ਸਿੰਘ ਮੋਤੀ ਦੀ ਕਿਤਾਬ 'ਚਮਕਦੇ ਮੋਤੀ' ਦਾ ਇਹ ਦੋਹਾ ਅਕਾਸ਼ ਤੋਂ ਡਿੱਗੀ 'ਅੰਮ੍ਰਿਤ ਬੂੰਦ' ਨਾਲ ਟਾਹਲੀ ਦੇ ਰੁੱਖ ਨੂੰ 'ਚੰਦਨ' ਹੋ ਜਾਣ ਦੀ ਗੱਲ ਕਰਦਾ ਹੈ :

ਅੰਮ੍ਰਿਤ ਬੂੰਦ ਅਕਾਸ਼ ਤੋਂ ਟਾਹਲੀ 'ਤੇ ਪੈ ਜਾਏ॥
ਚੰਦਨ ਕਰਹੇ ਓਸ ਨੂੰ, ਕੁਲ ਜੰਗਲ ਮਹਿਕਾਏ॥
(ਪੰਨਾ-62)

ਡਾ. ਜਗਤਾਰ ਆਪਣੀ ਪੁਸਤਕ 'ਦੁੱਧ ਪੱਥਰੀ' ਵਿੱਚ ਕਹਿੰਦਾ ਹੈ :

ਪੱਤੇ ਕੀ ਫੁੱਟਦੇ ਨਹੀਂ ਇਕ ਵਾਰ ਝੜ ਕੇ,
ਰੁੱਖ ਬਨ ਦੇ ਮੌਲਦੇ ਨੇ ਹੋਰ ਸੜ ਕੇ। (ਪੰਨਾ-101)

ਕੁਦਰਤ ਦੇ ਇਸ ਵਰਤਾਰੇ ਬਾਰੇ ਸੁਰਜੀਤ ਪਾਤਰ ਆਪਣੀ ਇਕ ਗ਼ਜ਼ਲ ਦੇ ਸ਼ਿਅਰ ਵਿੱਚ ਇੰਜ ਬਿਆਨਦਾ ਹੈ : ਜੇ ਆਈ ਪੱਤਝੜ ਤਾਂ ਫੇਰ ਕੀ ਏ, ਤੂੰ ਅਗਲੀ ਰੁੱਤ 'ਚ ਯਕੀਨ ਰੱਖੀ।

ਮੈਂ ਲੱਭ ਕੇ ਲਿਆਉਨਾਂ ਕਿਤਿਉਂ ਕਲਮਾਂ, ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਉਂਜ, ਉਂਕਾਰਪ੍ਰੀਤ ਦੀ ਇਸ 'ਕਣ-ਕਣ ਕਥਾ' ਵਿੱਚ ਉਸਦੀ ਕਿਤਾਬ 'ਸੁਰਜ਼ਮੀਨ' ਵਿੱਚ ਉਹ

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

'ਭਾਫ਼' ਨੂੰ ਇੱਕ ਪ੍ਰਤੀਕ ਵਜੋਂ ਲੈਂਦਿਆਂ ਹੋਇਆਂ ਸਮੁੰਦਰ ਤੇ ਥਲ ਦੀ ਗੱਲ ਬਾਖ਼ੂਬੀ ਕਰਦਾ ਹੈ :

ਭਾਫ਼ ਬਣ ਕੇ ਉਡਿਆ ਸਮੁੰਦਰ ਥਲ ਲਈ।
ਦੇਖ ਇਸ ਮਿਲਣੀ ਨੂੰ, ਇਸ ਹਿਜਰਤ ਨੂੰ ਵੇਖ। (ਪੰਨਾ-152)

ਰੁੱਖਾਂ ਦੀ ਗੱਲ ਕਰਦਿਆਂ ਇਸ ਪੁਸਤਕ ਵਿਚਲੀ ਆਪਣੀ ਕਿਤਾਬ 'ਕਾਗਦ ਕਲਮ ਕਿਤਾਬ' ਵਿੱਚ ਰਵਿੰਦਰ ਸਹਿਰਾਅ ਆਖਦਾ ਹੈ :

ਮਨੁੱਖ ਕਦੇ ਰੁੱਖਾਂ ਨੂੰ ਵੱਢਦੈ
ਮਨੁੱਖ ਕਦੇ ਮਨੁੱਖਾਂ ਨੂੰ ਵੱਢਦੈ
ਕਦੇ ਛਾਵਾਂ ਨਾਲ ਆੜੀ
ਕਦੇ ਧੁੱਪਾਂ ਨੂੰ ਕੋਸੇ
ਕਦੇ ਧੁੱਪ ਨੂੰ ਸਲ੍ਹਾਵੇ।
ਕਦੇ ਛਾਵਾਂ ਨੂੰ ਰੋਸੇ। (ਪੰਨਾ-108)

ਸਾਧੂ ਬਿਨਿੰਗ ਦੀ ਕਿਤਾਬ 'ਯਾਰ ਮੇਰਾ ਦਰਿਆ' ਬਾਰੇ ਗੱਲ ਕਰਦਿਆਂ ਉਂਕਾਰਪ੍ਰੀਤ, ਬਿੰਨਿੰਗ ਵੱਲੋਂ ਮਨੁੱਖ ਨੂੰ 'ਵਗਦੇ ਦਰਿਆ' ਨਾਲ ਦਿੱਤੀ ਗਈ ਤਸ਼ਬੀਹ ਦੀ ਗੱਲ ਕਰਦਾ ਹੈ : ਤੁਰਦਾ ਬੰਦਾ ਹੈ ਵਗਦਾ ਦਰਿਆ, ਪੈਰਾਂ 'ਚ ਮੰਜ਼ਲ 'ਤੇ ਚੱਲਣ ਦਾ ਚਾਅ। (ਪੰਨਾ-23)

'ਸਾਰਾ ਜਹਾਨ ਮੇਰਾ' ਵਿੱਚ ਉਲਫ਼ਤ ਬਾਜਵਾ ਬਾਰੇ ਆਪਣੀ ਇਸ ਪੁਸਤਕ ਵਿੱਚ ਉਂਕਾਰਪ੍ਰੀਤ ਮਨੁੱਖ ਦੀ ਖ਼ੁਦ ਕਿਆਸੀ 'ਸਰਬ-ਵਿਆਪਕਤਾ' ਸਬੰਧੀ ਉਸਦੇ ਇਹ ਸ਼ਿਅਰ ਦਰਜ ਕਰ ਰਿਹਾ ਹੈ :

ਨਾ ਇਹ ਸਤਾਨ ਮੇਰਾ, ਨਾ ਉਹ ਸਤਾਨ ਮੇਰਾ,
ਸਾਰੇ ਜਹਾਨ ਦਾ ਮੈਂ ਹਾਂ, ਸਾਰਾ ਜਹਾਨ ਮੇਰਾ
ਇਸਨੂੰ ਵਤਨ ਕਹਾਂ ਜਾਂ ਪਰਦੇਸ
ਇਸਨੂੰ ਆਖਾਂ,
ਨਾ ਜ਼ਰ ਜ਼ਮੀਨ ਮੇਰੀ, ਨਾ ਘਰ ਮਕਾਨ ਮੇਰਾ।
(ਪੰਨਾ-41)

ਪੁਸਤਕ ਦੇ ਇੱਕ ਹੋਰ ਕਵੀ ਇਕਬਾਲ ਰਾਮੂਵਾਲੀਏ ਦੀ ਕਿਤਾਬ 'ਕਵਿਤਾ ਮੈਨੂੰ ਲਿਖਦੀ' ਜਿੱਥੇ ਕਨੇਡਾ ਦੇ ਕੁਦਰਤੀ ਅਜੂਬੇ 'ਨਿਆਗਰਾ ਫ਼ਾਲਜ਼' ਦੇ ਲੋਕਾਈ ਲਈ 'ਤਮਾਸ਼ੇ' ਅਤੇ ਇੱਥੋਂ ਦੇ ਆਦਿ-ਵਾਸੀਆਂ ਉੱਪਰ ਹੋਏ ਅਕਹਿ ਤੇ ਅਸਹਿ ਜ਼ੁਲਮ ਤੇ ਤਸ਼ੱਦਦ ਦੀ ਗੱਲ ਬਾਖ਼ੂਬੀ ਕਰਦੀ ਹੈ :

ਮਣਾਂ ਮੂੰਹੀ ਪਾਣੀਆਂ ਦਾ ਨਿਰਵਿਘਨ ਗਿਰਨਾ
ਲੋਕਾਈ ਵਾਸਤੇ ਵਧੀਆ ਤਮਾਸ਼ਾ ਹੈ
ਤੇ ਚਿੜੀਆਂ ਦੇ ਨਿਰੰਤਰ ਕਤਲ ਦੇ ਉੱਤੇ
ਮਸ਼ੀਨੀ ਭੀੜ ਦਾ ਸ਼ਾਇਦ
ਇਹ ਬਾ-ਤਹਿਜ਼ੀਬ ਹਾਸਾ ਹੈ। (ਪੰਨਾ-58)

ਪੁਸਤਕ ਵਿੱਚ ਪ੍ਰਤੀਕ ਦੀ ਕਿਤਾਬ 'ਬੁਣਤੀ' ਬਾਰੇ ਉਂਕਾਰਪ੍ਰੀਤ ਵੱਲੋਂ ਵਧੀਆ ਸੁਆਲ ਉਠਾਇਆ ਗਿਆ ਹੈ, ਜਦੋਂ ਉਹ ਮਿੱਪਲ ਬਾਬੇ ਨੂੰ ਪੁੱਛਦਾ ਹੈ ਕਿ ਆਪਣੇ ਪਿਆਰੇ ਲਈ ਰਚੀ ਜਾਣ ਵਾਲੀ ਕਵਿਤਾ ਉਸਦੇ ਲਈ ਸਵੈਟਰ ਬੁਣਨ ਵਾਂਗ ਹੈ? ਕੀ ਕਵਿਤਾ ਸਵੈਟਰ ਵਾਂਗ ਤਿਆਰ ਕੀਤੀ ਜਾ ਸਕਦੀ ਹੈ ਜਾਂ ਕੀਤੀ ਜਾਣੀ ਚਾਹੀਦੀ ਹੈ? ਇਸਦੇ ਜੁਆਬ ਵਿੱਚ ਬਾਬਾ ਮਿੱਪਲ ਸ੍ਰਿਸ਼ਟੀ ਦੇ ਮੂਲ 'ਪੰਜ ਤੱਤਾਂ' ਦੀ ਗੱਲ ਕਰਦਾ ਹੈ ਜੋ ਆਪਣੇ ਇਕ ਨਿਰਧਾਰਤ ਭਾਣੇ ਅਨੁਸਾਰ ਉਗਮਦੇ, ਵਿਗਸਦੇ ਤੇ ਅਸਤਦੇ ਹਨ। ਇੰਜ ਹੀ ਕਵਿਤਾ ਦਾ ਮੂਲ ਅੰਤਰ ਚੇਤਨਾ ਦਾ ਖਿਆਲ ਹੈ। (ਪੰਨਾ-125)

'ਬੁਣਤੀ' ਵਿਚਲੀ ਆਪਣੀ ਇੱਕ ਕਵਿਤਾ ਵਿੱਚ ਪ੍ਰਤੀਕ ਕਹਿੰਦਾ ਹੈ :

ਸ਼ਿਆਲਾਂ ਹੇਠ ਮਚੀ ਹੈ ਅੱਗ
ਫਿਰ ਉੱਬਲ ਰਹੇ ਵਿਚਾਰ
ਤਪ ਰਹੀ ਦੇਗ਼ਚੀ
ਭਾਫ਼ ਬਣ ਅੱਖਰ
ਤੁਪਕਾ-ਤੁਪਕਾ ਹੋ
ਕਾਗ਼ਜ਼ 'ਤੇ ਡਿੱਗਣ ਵਾਲੇ ਨੇ

ਕਸ਼ੀਦ ਹੋ ਰਹੀ ਹੈ
ਕੋਈ ਨਵੀਂ ਕਵਿਤਾ। (ਪੰਨਾ-124)

... ਤੇ ਪੁਸਤਕ ਦੇ ਅਖ਼ੀਰ ਵਿੱਚ ਪਾਸ਼ ਦੀ ਕਾਵਿ-ਪੁਸਤਕ 'ਸਾਡੇ ਸਮਿਆਂ ਵਿਚ' ਬਾਰੇ ਚਰਚਾ ਵਿੱਚ ਮਿੱਪਲ ਬਾਬੇ ਵਿੱਚ ਸਮਾਇਆ ਪਾਸ਼ ਕਹਿੰਦਾ ਹੈ :

ਸੱਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ। (ਪੰਨਾ-159)

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗ਼ਲੇ ਹੋਏ ਸਵਾਦਾਂ ਦੀ ਕੋਈ ਗੱਲ ਕਰਾਂਗਾ

ਜਿਹਨਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਕਵਿਤਾ ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ। (ਪੰਨਾ - 161/162)

ਇਸ ਤਰ੍ਹਾਂ ਇਸ ਪੁਸਤਕ ਵਿਚਲੀਆਂ ਵੱਖ-ਵੱਖ ਲੇਖਕਾਂ ਦੀਆਂ ਰਚੀਆਂ ਸਾਰੀਆਂ ਹੀ ਕਿਤਾਬਾਂ ਬਾਰੇ ਉਂਕਾਰਪ੍ਰੀਤ ਵੱਲੋਂ ਕੀਤੀ ਗਈ ਚਰਚਾ ਸ਼ਲਾਘਾਯੋਗ ਹੈ। ਪਰ ਇਨ੍ਹਾਂ ਵਿੱਚੋਂ ਪ੍ਰੋੜ੍ਹ-ਲੇਖਕ ਨਵਤੇਜ ਭਾਰਤੀ ਦੀ ਪੁਸਤਕ 'ਲੀਲਾ' ਬਾਰੇ ਹੋਈ ਚਰਚਾ ਨੇ ਮੈਨੂੰ ਸੱਭ ਤੋਂ ਵਧੇਰੇ ਪ੍ਰਭਾਵਿਤ ਕੀਤਾ ਹੈ। ਪਟਿਆਲੇ ਦੇ 'ਭੂਤਵਾੜੇ' ਦੇ ਸੱਤਾਂ 'ਭੂਤਾਂ' ਬਾਰੇ ਜ਼ਿਕਰ ਕਰਦਿਆਂ ਭਾਰਤੀ ਹੁਰਾਂ ਨੇ 'ਲਾਲੀ' (ਹਰਦਿਲਜੀਤ ਸਿੰਘ ਸਿੱਧੂ) ਦਾ ਜੋ ਕਿਰਦਾਰ ਬਾਖ਼ੂਬੀ ਪੇਸ਼ ਕੀਤਾ ਹੈ, ਉਹ ਅਤੀ ਪ੍ਰਭਾਵਸ਼ਾਲੀ ਹੈ। 'ਭੂਤਵਾੜੇ' ਦੇ ਸੱਤ 'ਭੂਤ' ਚੜ੍ਹਦੇ ਚੇਤ ਦੀ ਧੁੱਪ 'ਚ ਘਾਹ 'ਤੇ ਬੈਠ ਕੇ ਚਾਹ ਪੀਂਦੇ ਹੋਏ ਪੰਜਾਬੀ ਤੇ ਹੋਰ ਭਾਸ਼ਾਵਾਂ ਦੇ ਸਾਹਿਤ ਬਾਰੇ ਡੂੰਘੀ ਸੋਚ-ਵਿਚਾਰ ਕਰਦੇ ਹਨ ਅਤੇ ਅੱਠਵਾਂ ਭੂਤ 'ਲਾਲੀ' ਉਨ੍ਹਾਂ ਵਿੱਚ ਕਦੇ-ਕਦੇ, ਪਰ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਇਸ ਚਰਚਾ ਵਿੱਚ ਆ ਸ਼ਾਮਲ ਹੁੰਦਾ ਹੈ। ਉਹ ਸਾਹਿਤ ਬਾਰੇ, ਖ਼ਾਸ ਤੌਰ 'ਤੇ ਵਿਦੇਸ਼ੀ ਸਾਹਿਤ ਬੜੀਆਂ ਫ਼ਿਲਾਸਫ਼ਾਨਾ ਗੱਲਾਂ ਕਰਦਾ ਹੈ। ਖ਼ੈਰ, ਇਹ ਮੇਰਾ ਨਿੱਜੀ ਪ੍ਰਭਾਵ ਹੋ ਸਕਦਾ ਹੈ। ਕੋਈ ਮੇਰੇ ਨਾਲ ਸਹਿਮਤ ਹੋਵੇ ਜਾਂ ਨਾ, ਨਵਤੇਜ ਭਾਰਤੀ ਦੀ ਕਾਵਿ-ਪੁਸਤਕ 'ਲਾਲੀ' ਦੀ ਕਵਿਤਾ ਕਮਾਲ ਦੀ ਹੈ, ਖ਼ਾਸ ਤੌਰ 'ਤੇ ਜਦੋਂ ਉਹ ਆਪਣੀ ਇਸ ਛੋਟੀ ਜਿਹੀ ਕਵਿਤਾ ਵਿੱਚ ਇੰਜ ਕਹਿੰਦਾ ਹੈ :

ਰਾਹ 'ਚ ਮਿਲਣ ਵਾਲੇ
ਰਾਹ 'ਚ ਹੀ ਵਿੱਛੜ ਜਾਂਦੇ ਹਨ
ਅਸੀਂ ਇੱਕ ਪੈਰ ਸੰਜੋਗ ਦਾ
ਦੂਜਾ ਵਿਜੋਗ ਦਾ ਚੁੱਕਦੇ ਹਾਂ। (ਪੰਨਾ-136)

'ਚੇਤਨਾ ਪ੍ਰਕਾਸ਼ਨ ਲੁਧਿਆਣਾ' ਵੱਲੋਂ ਛਾਪੀ ਗਈ ਇਸ ਵਾਰਤਕ ਪੁਸਤਕ 'ਕਣ-ਕਣ ਕਥਾ' ਵਿੱਚ 14 ਨਾਮਵਰ-ਕਵੀਆਂ ਦੀਆਂ ਕਿਤਾਬਾਂ ਬਾਰੇ ਉਂਕਾਰਪ੍ਰੀਤ ਵੱਲੋਂ ਬਹੁਤ ਵਧੀਆ ਚਰਚਾ ਕੀਤੀ ਗਈ ਹੈ। ਪੁਸਤਕ ਦੇ ਸਾਰੇ ਹ

ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ ਨੇ ਕੀਤਾ ਆਪਣਾ ਭਰਵਾਂ ਸਲਾਨਾ ਇਜਲਾਸ

ਬਰੈਂਪਟਨ, (ਡਾ. ਝੰਡ)– ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ ਵੱਲੋਂ ਆਪਣਾ ਸਲਾਨਾ ਇਜਲਾਸ ਲੰਘੇ ਸ਼ਨੀਵਾਰ 10 ਅਕਤੂਬਰ ਨੂੰ ਸਥਾਨਕ ਵਿਸ਼ਵ ਪੰਜਾਬੀ ਭਵਨ ਵਿਖੇ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ–ਮੰਡਲ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਇੰਜੀ. ਬਲਦੇਵ ਸਿੰਘ ਬਰਾੜ, ਸੀਨੀਅਰ ਮੀਤ–ਪ੍ਰਧਾਨ ਮੁਹਿੰਦਰ ਸਿੰਘ ਮੋਹੀ, ਚੇਅਰਮੈਨ ਡਾ. ਪਰਮਜੀਤ ਸਿੰਘ ਢਿੱਲੋਂ, ਮੀਤ–ਪ੍ਰਧਾਨ ਇੰਜੀ. ਅੰਮ੍ਰਿਤਪਾਲ ਸਿੰਘ ਅਤੇ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ ਸ਼ਾਮਲ ਸਨ। ਮੀਟਿੰਗ ਦੇ ਆਰੰਭ ਵਿੱਚ ਪ੍ਰਧਾਨ ਇੰਜੀ. ਬਲਦੇਵ ਸਿੰਘ ਬਰਾੜ ਵੱਲੋਂ ਸਮੂਹ ਮੈਂਬਰਾਂ ਦਾ ਸੁਆਗਤ ਕਰਦਿਆਂ ਹੋਇਆਂ ਉਨ੍ਹਾਂ ਨੂੰ ਨਿੱਘੀ 'ਜੀ–ਆਇਆਂ' ਕਹੀ ਗਈ। ਉਪਰੰਤ, ਮੰਚ–ਸੰਚਾਲਕ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਐਸੋਸੀਏਸ਼ਨ ਦੀ ਪਿਛਲੇ ਸਾਲ ਦੀ ਕਾਰਗੁਜ਼ਾਰੀ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਵਿੱਚ ਐਸੋਸੀਏਸ਼ਨ ਦੀਆਂ ਮੰਗਾਂ ਨੂੰ ਪੰਜਾਬ ਸਰਕਾਰ, ਬਰੈਂਪਟਨ ਸਿਟੀ ਸਰਕਾਰ, ਓਨਟਾਰੀਓ ਸੂਬਾ ਸਰਕਾਰ ਅਤੇ ਕੈਨੇਡਾ ਦੀ ਫ਼ੈਡਰਲ ਸਰਕਾਰ ਤੱਕ ਲਿਖਤੀ ਰੂਪ ਵਿੱਚ ਪਹੁੰਚਾਉਣ ਅਤੇ ਵੱਖ–ਵੱਖ ਪੱਧਰ 'ਤੇ ਸਰਕਾਰੀ ਨੁਮਾਇੰਦਿਆਂ ਨਾਲ ਮੁਲਾਕਾਤਾਂ ਕਰਕੇ ਵਿਚਾਰ–ਵਟਾਂਦਰਾ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਰਿਪੋਰਟ ਵਿੱਚ ਆਉਣ ਵਾਲੇ ਸਾਲ ਵਿੱਚ ਇਹ ਸਰਗਰਮੀਆਂ ਹੋਰ ਤੇਜ਼ ਕਰਨ ਬਾਰੇ ਵੀ ਜ਼ਿਕਰ ਕੀਤਾ ਗਿਆ।

ਪੰਜਾਬ ਸਰਕਾਰ ਨਾਲ ਸਬੰਧਿਤ ਚਿੱਠੀ–ਪੱਤਰ ਬਾਰੇ ਦੱਸਦਿਆਂ ਐਸੋਸੀਏਸ਼ਨ ਦੇ ਸਕੱਤਰ ਪ੍ਰਿਤਪਾਲ ਸਿੰਘ ਸਚਦੇਵਾ ਨੇ ਮੁੱਖ ਤੌਰ 'ਤੇ ਮਹਿੰਗਾਈ ਭੱਤੇ ਦੀ ਮੰਗ ਮਨਵਾਉਣ ਬਾਰੇ ਕੀਤੇ ਗਏ ਯਤਨਾਂ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਵੱਖ– ਵੱਖ ਅਦਾਲਤੀ ਫ਼ੈਸਲੇ ਮੁਲਾਜ਼ਮਾਂ ਅਤੇ ਪੈੱਨਸ਼ਨਰਾਂ ਨੂੰ ਬਣਦਾ 60% ਦੇਣ ਦੇ ਹੱਕ ਵਿੱਚ ਹਨ ਪਰ ਪੰਜਾਬ ਸਰਕਾਰ ਇਨ੍ਹਾਂ ਫ਼ੈਸਲਿਆਂ 'ਤੇ ਅਮਲ ਨਹੀਂ ਕਰ ਰਹੀ ਹੈ ਜੋ ਮੁਲਾਜ਼ਮਾਂ ਅਤੇ ਪੈੱਨਸ਼ਨਰਾਂ ਨਾਲ ਘੋਰ ਬੇਇਨਸਾਫ਼ੀ ਹੈ।

ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਬਰਾੜ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ 1954 ਵਿੱਚ ਜਦੋਂ ਕੈਨੇਡੀਅਨ ਸੀਨੀਅਰਜ਼ ਨੂੰ ਓ.ਏ.ਐੱਸ. ਦੇਣ ਬਾਰੇ ਕੈਨੇਡਾ ਸਰਕਾਰ ਵੱਲੋਂ ਫ਼ੈਸਲਾ ਕੀਤਾ ਗਿਆ ਸੀ ਤਾਂ ਇਸ ਵਿੱਚ ਇੱਕ ਫਾਰਮੂਲਾ ਦਿੱਤਾ ਗਿਆ ਸੀ ਜੋ ਇਸ ਵਿੱਚ ਵਾਧੇ ਨੂੰ ਦਰਸਾਉਂਦਾ ਸੀ। ਜਿਹੜਾ ਕਿ ਹੁਣ ਸਰਕਾਰ ਵੱਲੋਂ ਲਾਗੂ ਨਹੀਂ ਕੀਤਾ ਜਾ ਰਿਹਾ। ਸੀਨੀਅਰ ਮੀਤ–ਪ੍ਰਧਾਨ ਮੁਹਿੰਦਰ ਸਿੰਘ ਮੋਹੀ ਨੇ ਬਰਾੜ ਹੁਰਾਂ ਵੱਲੋਂ ਪੇਸ਼ ਕੀਤੇ ਗਏ ਇਸ ਮਹੱਤਵਪੂਰਨ ਨੁਕਤੇ ਅਤੇ ਹੋਰ ਨੁਕਤਿਆਂ ਦੀ ਭਰਪੂਰ ਵਿਆਖਿਆ ਕੀਤੀ, ਜਦਕਿ ਇੰਜੀ. ਅੰਮ੍ਰਿਤਪਾਲ ਸਿੰਘ ਵੱਲੋਂ ਇਸ ਮੌਕੇ ਪ੍ਰੋਵਿੰਸ਼ੀਅਲ ਸਰਕਾਰ ਨਾਲ ਸਬੰਧਿਤ ਮੰਗਾਂ ਦੀ ਵਿਆਖਿਆ ਕੀਤੀ ਗਈ। ਪਿਛਲੇ ਸਾਲ ਦਾ ਲੇਖਾ–ਜੋਖਾ ਵਿੱਤ–ਸਕੱਤਰ ਸੁਰਿੰਦਰ ਸੁਰਿੰਦਰਜੀਤ ਸਿੰਘ ਬੁੱਟਰ ਵੱਲੋਂ ਪੇਸ਼ ਕੀਤਾ ਗਿਆ। ਜਨਰਲ ਸਕੱਤਰ ਦੀ ਰਿਪੋਰਟ ਅਤੇ ਲੇਖਾ–ਜੋਖਾ ਰਿਪੋਰਟ ਹਾਊਸ ਦੇ ਮੈਂਬਰਾਂ ਵੱਲੋਂ ਸਰਬ–ਸੰਮਤੀ ਨਾਲ ਪਾਸ ਕਰ ਦਿੱਤੀਆਂ ਗਈਆਂ। ਉਪਰੰਤ, ਐਸੋਸੀਏਸ਼ਨ ਦੇ ਸੰਵਿਧਾਨ ਅਨੁਸਾਰ ਐਸੋਸੀਏਸ਼ਨ ਦੇ ਤਿੰਨ ਮੁੱਖ ਅਹੁਦੇਦਾਰਾਂ – ਪ੍ਰਧਾਨ, ਜਨਰਲ ਸਕੱਤਰ ਅਤੇ ਚੇਅਰਮੈਨ ਦੀ ਚੋਣ ਕਰਨ ਲਈ ਰਿਟਰਨਿੰਗ ਅਫ਼ਸਰ ਦੀ ਜ਼ਿੰਮੇਵਾਰੀ ਪ੍ਰੋ. ਇੰਦਰਦੀਪ ਸਿੰਘ ਨੇ ਨਿਭਾਈ। ਉਨ੍ਹਾਂ ਵੱਲੋਂ ਹਾਊਸ ਦੇ ਮੈਂਬਰਾਂ ਨੂੰ ਇਨ੍ਹਾਂ ਅਹੁਦਿਆਂ ਲਈ ਉਮੀਦਵਾਰ ਦੇਣ ਲਈ ਕਿਹਾ ਗਿਆ, ਜਿਸਦੇ ਜੁਆਬ ਵਿੱਚ ਤਿੰਨਾਂ ਹੀ ਅਹੁਦਿਆਂ ਲਈ ਕੇਵਲ ਇੱਕ–ਇੱਕ ਉਮੀਦਵਾਰ ਦੇ ਹੀ ਨਾਂ ਸਾਹਮਣੇ ਆਏ। ਨਤੀਜੇ ਵਜੋਂ, ਇਨ੍ਹਾਂ ਤਿੰਨਾਂ ਉਮੀਦਵਾਰਾਂ ਨੂੰ ਸਰਬ–ਸੰਮਤੀ ਨਾਲ ਇੰਜ. ਬਲਦੇਵ ਸਿੰਘ ਬਰਾੜ ਨੂੰ ਪ੍ਰਧਾਨ, ਪ੍ਰੋ. ਜਗੀਰ ਸਿੰਘ ਕਾਹਲੋਂ ਨੂੰ ਜਨਰਲ ਸਕੱਤਰ ਅਤੇ ਡਾ. ਪਰਮਜੀਤ ਸਿੰਘ ਢਿੱਲੋਂ ਨੂੰ ਚੇਅਰਮੈਨ ਚੁਣ ਲਿਆ ਗਿਆ।

ਇਸ ਦੌਰਾਨ ਕੈਨੇਡਾ ਰਹਿੰਦੇ ਐਸੋਸੀਏਸ਼ਨ ਦੇ ਸੱਭ ਤੋਂ ਸੀਨੀਅਰ ਪੈੱਨਸ਼ਨਰ 84 ਸਾਲਾ ਸ. ਸਤਨਾਮ ਸਿੰਘ ਅਤੇ ਫ਼ਾਈਨਾਂਸ਼ੀਅਲ ਸਲਾਹਕਾਰ ਸ. ਸੁਰਿੰਦਰ ਸਿੰਘ ਸਿੱਧੂ ਨੂੰ ਐਸੋਸੀਏਸ਼ਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸਦੇ ਨਾਲ ਹੀ ਪੈੱਨਸ਼ਨਰਾਂ ਲਈ ਜੀਵਨ ਪ੍ਰਮਾਣ ਪੱਤਰ ਦੇਣ ਸਬੰਧੀ ਮੈਂਬਰਾਂ ਨੂੰ ਦੱਸਿਆ ਗਿਆ ਕਿ 80 ਸਾਲ ਜਾਂ ਇਸ ਤੋਂ ਵਧੇਰੇ ਉਮਰ ਵਾਲੇ ਪੈੱਨਸ਼ਨਰਾਂ ਦੇ ਡਿਜੀਟਲ ਲਾਈਫ਼ ਸਰਟੀਫ਼ੀਕੇਟ ਅਕਤੂਬਰ ਮਹੀਨੇ ਵਿੱਚ ਅਤੇ 80 ਸਾਲ ਤੋਂ ਘੱਟ ਉਮਰ ਵਾਲੇ ਪੈੱਨਲਨਰਾਂ ਲਈ ਇਹ ਨਵੰਬਰ ਵਿੱਚ ਬਣਾਏ ਜਾਣੇ ਹਨ। ਦੋਹਾਂ ਉਮਰ–ਵਰਗਾਂ ਦੇ ਮੈਂਬਰਾਂ ਦੇ ਡਿਜੀਟਲ ਲਾਈਫ਼ ਸਰਟੀਫ਼ੀਕੇਟਾਂ ਸਬੰਧੀ ਐਸੋਸੀਏਸ਼ਨ ਦੇ ਪ੍ਰਧਾਨ ਇੰਜ. ਬਲਦੇਵ ਸਿੰਘ ਬਰਾੜ ਨਾਲ 437–244–5003 ਜਾਂ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ ਨਾਲ 647–533–8297 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ। ਐਸੋਸੀਏਸ਼ਨ ਦੇ ਫ਼ਾਈਨਾਂਸ਼ੀਅਲ ਸਲਾਹਕਾਰ ਸੁਰਿੰਦਰ ਸਿੱਧੂ ਨੇ ਬੈਂਕਿੰਗ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਰਵਾਸੀ ਤਿੰਨ ਕਿਸਮ ਦੇ ਬੈਂਕ ਖਾਤੇ – NRO, NRE ਅਤੇ FOCNAI ਭਾਰਤ ਵਿੱਚ ਖੋਲ੍ਹ ਸਕਦੇ ਹਨ। ਉਨ੍ਹਾਂ ਹੋਰ ਦੱਸਿਆ ਕਿ ਪੰਜਾਬ ਦੇ ਪੈੱਨਸ਼ਨਰ ਜੋ ਕੈਨੇਡਾ ਵਿੱਚ ਰਹਿ ਰਹੇ ਹਨ, ਉਨ੍ਹਾਂ ਨੂੰ ਆਪਣੀ ਭਾਰਤ ਵਾਲੀ ਪੈੱਨਸ਼ਨ ਆਪਣੀ ਕੈਨੇਡਾ ਵਾਲੀ ਪੈੱਨਸ਼ਨ ਵਿੱਚ ਦਰਸਾਉਣੀ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ। ਮੀਟਿੰਗ ਦੌਰਾਨ ਲਹਿੰਦੇ ਪੰਜਾਬ ਦੇ ਸੂਫ਼ੀ ਗਾਇਕ ਜਨਾਬ ਹੁਸਨੈਨ ਅਕਬਰ ਨੇ ਖ਼ੂਬ ਸੂਫ਼ੀ ਰੰਗ ਬੰਨ੍ਹਿਆ। ਇਸ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਤੋਂ ਪੁੱਜੇ ਸਿੱਖਿਆ ਵਿਭਾਗ ਦੇ ਉੱਚ–ਅਧਿਕਾਰੀ ਸ.ਸ. ਬਹਿਲ ਵੱਲੋਂ ਆਪਣੀ ਨਜ਼ਮ 'ਤੈਂ ਕੀ ਦਰਦ ਨਾ ਆਇਆ' ਸੁਣਾ ਕੇ ਬਾਖ਼ੂਬੀ ਇਤਿਹਾਸਕ ਪੇਸ਼ਕਾਰੀ ਕੀਤੀ ਗਈ। ਦੋਹਾਂ ਨੂੰ ਸਰੋਤਿਆਂ ਵੱਲੋਂ ਤਾੜੀਆਂ ਦੇ ਰੂਪ ਵਿੱਚ ਭਾਰੀ ਦਾਦ ਮਿਲੀ।

ਪਰਵਿੰਦਰ ਸਿੰਘ ਝੋਟਾ ਕਤਲਕਾਂਡ ਮਾਮਲੇ 'ਚ ਮਾਨਸਾ ਸਿਟੀ ਥਾਣਾ ਮੁਖੀ ਮਹਿਲਾ ਐੱਸ.ਐੱਚ.ਓ ਮੁਅੱਤਲ

ਪਰਵਿੰਦਰ ਸਿੰਘ ਝੋਟਾ ਕਤਲਕਾਂਡ ਮਾਮਲੇ 'ਚ ਮਾਨਸਾ ਦੇ ਥਾਣਾ ਸਿਟੀ –2 ਦੀ ਮਹਿਲਾ ਐੱਸ ਐੱਚ ਓ ਬੇਅੰਤ ਕੌਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੇ ਪਰਵਿੰਦਰ ਸਿੰਘ ਝੋਟਾ ਵੱਲੋਂ ਕਈ ਸ਼ਿਕਾਇਤਾਂ ਤੇ ਨਸ਼ਾ ਤਸਕਰਾਂ ਸੰਬੰਧੀ ਜਾਣਕਾਰੀ ਦੇਣ 'ਤੇ ਕੋਈ ਕਾਰਵਾਈ ਨਾ ਕਰਨ ਦੀ ਵੀ ਗੱਲ ਕਹੀ ਗਈ ਸੀ।

ਝੋਟਾ ਕਤਲਕਾਂਡ ਮਾਮਲੇ ਵਿਚ ਡੀਆਈਜੀ ਹਰਜੀਤ ਸਿੰਘ ਨੇ ਵੀ ਇਸ ਸੰਬੰਧੀ ਕਸੂਰਵਾਰ ਪੁਲੀਸ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਲਾਪਰਵਾਹੀ ਸਾਹਮਣੇ ਆਉਣ 'ਤੇ ਕਾਰਵਾਈ ਕਰਨ ਦੀ ਗੱਲ ਕਹੀ ਸੀ। ਐੱਸ ਐੱਸ ਪੀ ਮਾਨਸਾ ਵੈਭਵ ਚੌਧਰੀ ਨੇ ਦੱਸਿਆ ਕਿ ਥਾਣਾ ਸਿਟੀ 2 ਦੀ ਮਹਿਲਾ ਐੱਸ ਐੱਚ ਓ ਬੇਅੰਤ ਕੌਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਉਸਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ ਅਤੇ ਉਸ ਦਾ ਤਬਾਦਲਾ ਜ਼ਿਲ੍ਹੇ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਲੰਬੀ 'ਚ 10374 ਵੋਟਾਂ ਕੱਟੀਆਂ; ਬਾਦਲਾਂ ਦੇ ਗੜ੍ਹ 'ਚ ਫਸਵੀਂ ਟੱਕਰ ਦੇ ਆਸਾਰ

ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ 'ਚ ਹਲਕਾ ਲੰਬੀ ਵਿੱਚੋਂ 10374 ਵੋਟਰ ਮਨਫ਼ੀ ਹੋ ਗਏ ਹਨ, ਜੋ 2022 ਦੀਆਂ ਆਮ ਚੋਣਾਂ ਦੇ ਮੁਕਾਬਲੇ 6.25 ਫ਼ੀਸਦੀ ਦੀ ਵੱਡੀ ਕਟੌਤੀ ਹੈ। ਐੱਸ ਆਈ ਆਰ ਤਹਿਤ ਪੜਤਾਲੀਆ ਕੈਂਚੀ ਫਿਰਨ ਮਗਰੋਂ ਹਲਕੇ ਦੀ ਵੋਟ ਗਿਣਤੀ 155453 'ਤੇ ਸਿਮਟ ਗਈ ਹੈ।

ਇਹ ਅੰਕੜਾ 2017 ਚੋਣਾਂ ਵੇਲੇ ਦਰਜ 156334 ਵੋਟਰਾਂ ਨਾਲੋਂ ਵੀ 881 ਘੱਟ ਹੈ। 2022 ਵਿੱਚ ਹਲਕੇ ਵਿਚ 165827 ਵੋਟਰ ਸਨ। ਸਿਆਸੀ ਮਾਹਿਰਾਂ ਮੁਤਾਬਕ ਇਸ ਕਟੌਤੀ ਨੇ ਪੁਰਾਣੀ ਗਿਣਤੀ–ਮਿਣਤੀ ਨੂੰ ਇੱਕੋ ਝਟਕੇ ਉਲਟਾ ਕੇ ਰੱਖ ਦਿੱਤਾ ਹੈ। ਹੁਣ ਜਿੱਤ–ਹਾਰ ਬੇਹੱਦ 'ਬਰੀਕ' ਤੇ ਫਸਵੀਂ ਹੋਣ ਦੀ ਸੰਭਾਵਨਾ ਬਣ ਗਈ ਹੈ। ਜ਼ਿਲ੍ਹਾ ਚੋਣ ਅਫ਼ਸਰ ਅਮਿਤ ਕੁਮਾਰ ਪੰਚਾਲ ਨੇ ਤਾਜ਼ਾ ਵੋਟਰ ਸੂਚੀ ਜਾਰੀ ਕੀਤੀ ਹੈ।

ਤਾਜ਼ਾ ਸੂਚੀ ਮੁਤਾਬਕ ਹੁਣ ਜਦੋਂ 10 ਹਜ਼ਾਰ ਤੋਂ ਵੱਧ ਵੋਟਰ ਮੈਦਾਨ 'ਚੋਂ ਬਾਹਰ ਹੋ ਚੁੱਕੇ ਹਨ। ਵੱਡਾ ਸਵਾਲ ਹੈ ਕਿ ਇਹ ਕਟੌਤੀ ਕਿਸ ਧਿਰ ਦੇ ਪੈਰ ਪੁੱਟੇਗੀ? ਕਿਆਸ ਹਨ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਬਾਦਲ ਖ਼ੁਦ ਇਸ ਸੀਟ ਤੋਂ ਉਤਰ ਸਕਦੇ ਹਨ, ਕਾਂਗਰਸ ਵੱਲੋਂ ਫ਼ਤਹਿ ਬਾਦਲ ਅਤੇ ਭਾਜਪਾ ਵੱਲੋਂ ਮੇਜਰ ਭੁਪਿੰਦਰ ਸਿੰਘ ਬਾਦਲ ਦੇ ਮੈਦਾਨ 'ਚ ਉੱਤਰਨ ਦੀਆਂ ਤਿਆਰੀਆਂ ਹਨ। ਦੂਜੇ ਪਾਸੇ ਸੱਤਾਧਾਰੀ 'ਆਪ' ਵੱਲੋਂ ਕਿਸੇ ਨਵੇਂ ਚਿਹਰੇ 'ਤੇ ਦਾਅ ਖੇਡਣ ਦੀਆਂ ਕਨਸੋਆਂ ਹਨ। ਸਿਆਸੀ ਮਾਹਿਰਾਂ ਮੁਤਾਬਕ ਇਨ੍ਹਾਂ ਹਾਲਾਤਾਂ 'ਚ 'ਬਾਦਲ ਬਨਾਮ ਬਾਦਲ' ਵਿਚਕਾਰ ਮੁਕਾਬਲੇ ਦੀ ਸੂਰਤ 'ਚ ਹਰੇਕ ਪਿੰਡ ਤੇ ਹਰ ਬੂਥ ਦਾ ਜੋੜ–ਤੋੜ ਆਰ–ਪਾਰ ਦੀ ਜੰਗ ਸਾਬਤ ਹੋਵੇਗਾ।

ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਯਾਦ 'ਚ 'ਮਾਤਾ ਗੁਜਰੀ ਯਾਦਗਾਰੀ ਬਾਗ਼' ਦਾ ਉਦਘਾਟਨੀ ਸਮਾਗ਼ਮ ਸ਼ਨੀਵਾਰ 17 ਅਕਤੂਬਰ ਨੂੰ

ਸਕਾਰਬਰੋ, (ਡਾ.ਝੰਡ): ਪ੍ਰਬੰਧਕਾਂ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਮਾਤਾ ਗੁਜਰੀ ਜੀ ਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ ਗੁਰਸਿੱਖ ਸਭਾ ਕੈਨੇਡਾ ਸਕਾਰਬਰੋ ਗੁਰਦੁਆਰਾ ਸਾਹਿਬ ਵੱਲੋਂ 'ਮਾਤਾ ਗੁਜਰੀ ਯਾਦਗਾਰੀ ਬਾਗ਼' ਦਾ ਉਦਘਾਟਨੀ ਸਮਾਗ਼ਮ ਸ਼ਨੀਵਾਰ 17 ਅਕਤੂਬਰ 2026 ਨੂੰ ਕਰਵਾਇਆ ਜਾ ਰਿਹਾ ਹੈ। ਇਹ ਗੁਰਦੁਆਰਾ ਸਾਹਿਬ ਗੁਰਸਿੱਖ ਸਭਾ 905 ਮਿਡਲਫ਼ੀਲਡ ਰੋਡ, ਸਕਾਬਰੋ ਵਿਖੇ ਸਥਿਤ ਹੈ।

ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਨਿੱਘੀ ਯਾਦ ਵਿੱਚ ਇਹ ਯਾਦਗਾਰ ਉੱਘੇ ਕਲਾਕਾਰ ਨਿਰਭੈ ਸਿੰਘ ਸਿੱਧੂ ਵੱਲੋਂ ਸੰਗਤ ਦੇ ਅਸ਼ੀਰਵਾਦ ਨਾਲ, 2026 ਟੋਰਾਂਟੋ ਬੀਐਨਈਅਲ ਆਫ਼ ਆਰਟ ਦੇ ਅਧੀਨ ਸਿਰਜੀ ਗਈ ਹੈ ਅਤੇ ਇਹ ਸਥਾਨ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੇ ਮਹਾਨ ਸਿਦਕ ਤੇ ਦਲੇਰੀ ਅਤੇ ਉਨ੍ਹਾਂ ਦੀਆਂ ਮਹਾਨ ਸ਼ਹਾਦਤਾਂ ਨੂੰ ਸਮਰਪਿਤ ਹੈ।ਪ੍ਰਬੰਧਕਾਂ ਵੱਲੋਂ ਨਿਰਧਾਰਤ ਪ੍ਰੋਗਰਾਮ ਅਨੁਸਾਰ ਕਲਾਕਾਰ ਨਿਰਭੈ ਸਿੰਘ ਸਿੱਧੂ, ਐਲਿਸਨ ਗਲੈੱਨ ਅਤੇ ਭਾਈ ਹਰਪਾਲ ਸਿੰਘ ਵੱਲੋਂ ਇਸ ਯਾਦਗਾਰੀ ਬਾਗ਼ ਸਬੰਧੀ ਜਾਣਕਾਰੀ ਬਾਅਦ ਦੁਪਹਿਰ 1.30 ਵਜੇ ਤੋਂ 2.15 ਵਜੇ ਤੱਕ ਸਾਂਝੀ ਕੀਤੀ ਜਾਏਗੀ। ਗੁਰਦੁਆਰਾ ਸਾਹਿਬ ਦੇ ਮੁੱਖ–ਹਾਲ ਵਿੱਚ ਹੋ ਰਹੇ ਸਮਾਗ਼ਮ ਵਿੱਚ ਨਾਮ–ਸਿਮਰਨ 2.15 ਤੋਂ 2.45 ਵਜੇ ਤੱਕ ਹੋਵੇਗਾ। ਬੀਬੀ ਵੀਰਪਾਲ ਕੌਰ ਖਾਲਸਾ ਦੇ ਢਾਡੀ ਜੱਥੇ ਵੱਲੋਂ ਵਾਰਾਂ ਬੀਰ–ਰਸੀ ਵਾਰਾਂ 2.45 ਤੋਂ 3.30 ਵਜੇ ਤੱਕ ਗਾਈਆਂ ਜਾਣਗੀਆਂ। ਸ. ਰਣਬੀਰ ਸਿੰਘ ਪਰਹਾਰ ਵੱਲੋਂ 'ਭਰੋਸਾ, ਹਿੰਮਤ ਅਤੇ ਵਿਰਾਸਤ' ਵਿਸ਼ੇ ਉੱਪਰ ਆਪਣੇ ਵੀਚਾਰ 3.30 ਤੋਂ 4.00 ਵਜੇ ਤੱਕ ਪੇਸ਼ ਕੀਤੇ ਜਾਣਗੇ ਅਤੇ ਸਮਾਗ਼ਮ ਦੇ ਵਿਸ਼ੇਸ਼–ਬੁਲਾਰੇ ਭਾਈ ਹਰਪਾਲ ਸਿੰਘ ਸ੍ਰੀ ਫ਼ਤਿਹਗੜ੍ਹ ਸਾਹਿਬ ਵਾਲੇ ਆਪਣੇ ਵਿਚਾਰ 4.00 ਤੋਂ 5.30 ਵਜੇ ਤੱਕ ਸੰਗਤ ਦੇ ਸਨਮੁੱਖ ਰੱਖਣਗੇ। ਆਪ ਜੀ ਨੂੰ ਇਸ ਮਾਤਾ ਗੁਜਰੀ ਯਾਦਗਾਰੀ ਬਾਗ਼ ਦੇ ਉਦਘਾਟਨ ਅਤੇ ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਸਮਾਗ਼ਮ ਵਿੱਚ ਸ਼ਾਮਲ ਹੋ ਕੇ ਗੁਰੂਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

ਜਸਟਿਸ ਕੁਲਦੀਪ ਸਿੰਘ, ਗਜਿੰਦਰ ਸਿੰਘ ਤੇ ਭਾਈ ਗੁਰਦੇਵ ਸਿੰਘ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ 'ਚ ਸਥਾਪਿਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਅੱਜ ਜਸਟਿਸ ਕੁਲਦੀਪ ਸਿੰਘ ਪਤਵਾਲੀਆ, ਭਾਈ ਗਜਿੰਦਰ ਸਿੰਘ ਦਲ ਖ਼ਾਲਸਾ ਅਤੇ ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ ਦੀਆਂ ਤਸਵੀਰਾਂ ਸਥਾਪਿਤ ਕੀਤੀਆਂ ਗਈਆਂ ਹਨ। ਅਰਦਾਸ ਉਪਰੰਤ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਨਿਭਾਈ।

ਇਸ ਮੌਕੇ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਜਿਨ੍ਹਾਂ ਤਿੰਨ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਅੱਜ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀਆਂ ਗਈਆਂ ਹਨ, ਉਨ੍ਹਾਂ ਨੇ ਕੌਮੀ ਹੱਕਾਂ ਲਈ ਵੱ

ਸੁਆਦ ਦੀ ਕੀਮਤ ਸਿਹਤ ਕਿਉਂ ਚੁਕਾਏ?

ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਫਾਸਟ ਫੂਡ ਅਤੇ ਜੰਕ ਫੂਡ ਸਾਡੇ ਰੋਜ਼ਾਨਾ ਜੀਵਨ ਦਾ ਇੱਕ ਅਹਿਮ ਹਿੱਸਾ ਬਣ ਚੁੱਕੇ ਹਨ। ਬਰਗਰ, ਪੀਜ਼ਾ, ਚਿਪਸ, ਤਲੀਆਂ ਹੋਈਆਂ ਵਸਤਾਂ, ਮਿੱਠੇ ਪੀਣ ਵਾਲੇ ਪਦਾਰਥ ਅਤੇ ਵੱਖ-ਵੱਖ ਪੈਕ ਕੀਤੇ ਖਾਣੇ ਆਸਾਨੀ ਨਾਲ ਉਪਲੱਬਧ ਹਨ। ਇਨ੍ਹਾਂ ਦੀ ਮਨ ਨੂੰ ਮੋਹਣ ਵਾਲੀ ਪੇਸ਼ਕਾਰੀ,ਇਸ਼ਤਿਹਾਰਬਾਜ਼ੀ, ਸੁਆਦ ਅਤੇ ਸੁਵਿਧਾ ਲੋਕਾਂ ਨੂੰ ਆਪਣੀ ਵੱਲ ਖਿੱਚਦੇ ਹਨ। ਜੋ ਚੀਜ਼ ਕਦੇ-ਕਦਾਈਂ ਖਾਧੀ ਜਾਣ ਵਾਲੀ ਸਿਰਫ਼ ਇੱਕ ਛੋਟੀ ਜਿਹੀ ਖੁਰਾਕੀ ਮੌਜ ਮੰਨੀ ਜਾਂਦੀ ਹੈ, ਉਹ ਨਿਯਮਿਤ ਆਦਤ ਬਣ ਜਾਣ 'ਤੇ ਸਿਹਤ ਲਈ ਗੰਭੀਰ ਚੁਣੌਤੀ ਬਣ ਸਕਦੀ ਹੈ।

ਅਸਲ ਚਿੰਤਾ ਇਹ ਨਹੀਂ ਕਿ ਕੋਈ ਵਿਅਕਤੀ ਕਦੇ-ਕਦਾਈਂ ਫਾਸਟ ਫੂਡ ਖਾ ਲੈਂਦਾ ਹੈ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਬਹੁਤ ਜ਼ਿਆਦਾ ਪ੍ਰੋਸੈਸ ਕੀਤੇ ਹੋਏ ਖਾਣੇ ਸੰਤੁਲਿਤ ਅਤੇ ਪੌਸ਼ਟਿਕ ਭੋਜਨ ਦੀ ਥਾਂ ਲੈਣ ਲੱਗਦੇ ਹਨ। ਕਈ ਜੰਕ ਫੂਡ ਵਸਤੂਆਂ ਵਿੱਚ ਕੈਲੋਰੀ, ਨਮਕ, ਸੰਤ੍ਰਿਪਤ ਚਰਬੀ ਅਤੇ ਵਾਧੂ ਸ਼ੱਕਰ ਦੀ ਮਾਤਰਾ ਵਧੇਰੇ ਹੁੰਦੀ ਹੈ, ਜਦਕਿ ਫਾਈਬਰ, ਵਿਟਾਮਿਨ, ਖਣਿਜ ਅਤੇ ਹੋਰ ਲੋੜੀਂਦੇ ਪੋਸ਼ਕ ਤੱਤ ਤੁਲਨਾਤਮਕ ਤੌਰ 'ਤੇ ਘੱਟ ਹੁੰਦੇ ਹਨ। ਲੰਬੇ ਸਮੇਂ ਤੱਕ ਅਜਿਹੇ ਭੋਜਨ ਦੀ ਵਧੇਰੇ ਵਰਤੋਂ ਵਜ਼ਨ ਵਧਣ, ਮੋਟਾਪੇ, ਟਾਈਪ-2 ਸ਼ੂਗਰ, ਉੱਚ ਦਿਲ ਦਾ ਦਬਾਅ ਅਤੇ ਦਿਲ ਨਾਲ ਸੰਬੰਧਿਤ ਬਿਮਾਰੀਆਂ ਦੇ ਖ਼ਤਰੇ ਨੂੰ ਵਧਾ ਸਕਦੀ ਹੈ।

ਇਸ ਦਾ ਸਭ ਤੋਂ ਚਿੰਤਾਜਨਕ ਪੱਖ ਬੱਚਿਆਂ ਅਤੇ ਨੌਜਵਾਨਾਂ ਵਿੱਚ ਵੱਧ ਰਿਹਾ ਰੁਝਾਨ ਹੈ। ਰੰਗ-ਬਿਰੰਗੀ ਪੈਕਿੰਗ,ਦਿਲ ਖਿੱਚਵੇਂ ਇਸ਼ਤਿਹਾਰ, ਮਸ਼ਹੂਰ ਹਸਤੀਆਂ ਦੀ ਵਰਤੋਂ ਅਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਜੰਕ ਫੂਡ ਨੂੰ ਨੌਜਵਾਨ ਪੀੜ੍ਹੀ ਲਈ ਬਹੁਤ ਦਿਲ ਖਿੱਚਵੇਂ ਬਣਾ ਰਿਹਾ ਹੈ। ਜਦੋਂ ਗਲਤ ਖਾਣ-ਪੀਣ ਦੀਆਂ ਆਦਤਾਂ ਬਚਪਨ ਵਿੱਚ ਹੀ ਵਿਕਸਿਤ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਪ੍ਰਭਾਵ ਵੱਡੀ ਉਮਰ ਤੱਕ ਰਹਿ ਸਕਦਾ ਹੈ। ਬਚਪਨ ਦਾ ਮੋਟਾਪਾ ਕੇਵਲ ਦਿੱਖ ਨਾਲ ਜੁੜਿਆ ਮਸਲਾ ਨਹੀਂ, ਸਗੋਂ ਇਹ ਸਰੀਰਕ ਤੰਦਰੁਸਤੀ, ਆਤਮ-ਵਿਸ਼ਵਾਸ ਅਤੇ ਭਵਿੱਖੀ ਸਿਹਤ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

ਫਾਸਟ ਫੂਡ ਦਾ ਪ੍ਰਭਾਵ ਸਿਰਫ਼ ਸਰੀਰ ਤੱਕ ਸੀਮਿਤ ਨਹੀਂ ਰਹਿੰਦਾ। ਖੁਰਾਕ ਅਤੇ ਮਾਨਸਿਕ ਤੇ ਭਾਵਨਾਤਮਕ ਤੰਦਰੁਸਤੀ ਵਿਚਕਾਰ ਵੀ ਡੂੰਘਾ ਸੰਬੰਧ ਹੈ। ਬਹੁਤ ਜ਼ਿਆਦਾ ਪ੍ਰੋਸੈਸ ਕੀਤੇ ਖਾਣੇ 'ਤੇ ਨਿਰਭਰ ਖੁਰਾਕ ਪੋਸ਼ਣ ਦੀ ਗੁਣਵੱਤਾ ਨੂੰ ਘਟਾ ਸਕਦੀ ਹੈ ਅਤੇ ਖਾਣ-ਪੀਣ ਦੀਆਂ ਅਸਿਹਤਮੰਦ ਆਦਤਾਂ ਨੂੰ ਜਨਮ ਦੇ ਸਕਦੀ ਹੈ। ਇਸੇ ਤਰ੍ਹਾਂ ਬਹੁਤ ਜ਼ਿਆਦਾ ਮਿੱਠੇ ਪਦਾਰਥਾਂ ਅਤੇ ਕੈਫੀਨ ਵਾਲੇ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਕੁਝ ਵਿਅਕਤੀਆਂ ਵਿੱਚ ਊਰਜਾ ਦੇ ਪੱਧਰ ਅਤੇ ਨੀਂਦ ਦੇ ਰੁਝਾਨਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਤੰਦਰੁਸਤ ਸਰੀਰ ਅਤੇ ਤੰਦਰੁਸਤ ਮਨ ਲਈ ਸੰਤੁਲਿਤ ਖੁਰਾਕ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਸ ਸੱਭਿਆਚਾਰ ਦਾ ਇੱਕ ਹੋਰ ਅਣਦਿੱਖਾ ਨੁਕਸਾਨ ਸਾਡੀਆਂ ਰਵਾਇਤੀ ਖਾਣ-ਪੀਣ ਦੀਆਂ ਆਦਤਾਂ ਦਾ ਹੌਲੀ-ਹੌਲੀ ਖ਼ਤਮ ਹੋਣਾ ਹੈ। ਤਾਜ਼ੇ ਫਲ, ਸਬਜ਼ੀਆਂ, ਸਾਬਤ ਅਨਾਜ, ਦਾਲਾਂ, ਸੁੱਕੇ ਮੇਵੇ ਅਤੇ ਘਰ ਦਾ ਤਾਜ਼ਾ ਪਕਾਇਆ ਭੋਜਨ ਕਈ ਵਾਰ ਪੈਕ ਕੀਤੇ ਅਤੇ ਤੁਰੰਤ ਤਿਆਰ ਹੋਣ ਵਾਲੇ ਖਾਣਿਆਂ ਦੀ ਭੇਟ ਚੜ੍ਹ ਰਿਹਾ ਹੈ। ਭਾਰਤ ਵਰਗੇ ਵਿਭਿੰਨ ਖੁਰਾਕੀ ਪਰੰਪਰਾਵਾਂ ਵਾਲੇ ਦੇਸ਼ ਵਿੱਚ ਇਹ ਹੋਰ ਵੀ ਚਿੰਤਾਜਨਕ ਹੈ। ਸਾਡੀ ਰਵਾਇਤੀ ਰਸੋਈ ਵਿੱਚ ਅਨੇਕਾਂ ਅਜਿਹੇ ਪੌਸ਼ਟਿਕ ਭੋਜਨ ਮੌਜੂਦ ਹਨ ਜੋ ਸੁਆਦ ਦੇ ਨਾਲ-ਨਾਲ ਸਰੀਰ ਨੂੰ ਲੋੜੀਂਦੇ ਪੋਸ਼ਕ ਤੱਤ ਵੀ ਪ੍ਰਦਾਨ ਕਰਦੇ ਹਨ। ਸਿਰਫ਼ ਸੁਵਿਧਾ ਲਈ ਇਨ੍ਹਾਂ ਨੂੰ ਛੱਡ ਦੇਣਾ ਸਾਡੇ ਖਾਣ-ਪੀਣ ਦੇ ਸੱਭਿਆਚਾਰ ਦਾ ਬੇਲੋੜਾ ਨੁਕਸਾਨ ਹੈ।

ਇਸ ਸਮੱਸਿਆ ਦਾ ਹੱਲ ਫਾਸਟ ਫੂਡ 'ਤੇ ਪੂਰਨ ਪਾਬੰਦੀ ਲਗਾਉਣਾ ਨਹੀਂ ਹੈ। ਲੋੜ ਹੈ ਜਾਗਰੂਕਤਾ, ਸੰਜਮ ਅਤੇ ਸਮਝਦਾਰੀ ਨਾਲ ਕੀਤੀਆਂ ਖੁਰਾਕੀ ਚੋਣਾਂ ਦੀ। ਪਰਿਵਾਰਾਂ ਅਤੇ ਸਕੂਲਾਂ ਨੂੰ ਬੱਚਿਆਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਉਹ ਖਾਣ-ਪੀਣ ਦੀਆਂ ਵਸਤਾਂ ਦੇ ਲੇਬਲ ਪੜ੍ਹ ਸਕਣ, ਵਾਧੂ ਸ਼ੱਕਰ, ਨਮਕ ਅਤੇ ਗੈਰ-ਸਿਹਤਮੰਦ ਚਰਬੀਆਂ ਦੀ ਪਛਾਣ ਕਰ ਸਕਣ ਅਤੇ ਤਾਜ਼ੇ ਤੇ ਘੱਟ ਪ੍ਰੋਸੈਸ ਕੀਤੇ ਭੋਜਨ ਦੀ ਮਹੱਤਤਾ ਨੂੰ ਸਮਝ ਸਕਣ। ਜਨਤਕ ਸੰਸਥਾਵਾਂ ਅਤੇ ਸਰਕਾਰ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਖ਼ਾਸ ਕਰਕੇ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਖੁਰਾਕੀ ਇਸ਼ਤਿਹਾਰਬਾਜ਼ੀ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕੀਤਾ ਜਾਵੇ।

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਭੋਜਨ ਸਿਰਫ਼ ਭੁੱਖ ਮਿਟਾਉਣ ਜਾਂ ਸੁਆਦ ਲੈਣ ਦਾ ਸਾਧਨ ਨਹੀਂ, ਸਗੋਂ ਸਾਡੇ ਸਰੀਰ ਅਤੇ ਮਨ ਦੀ ਸਿਹਤ ਦੀ ਨੀਂਹ ਹੈ। ਅੱਜ ਅਸੀਂ ਮੇਜ਼ 'ਤੇ ਜੋ ਚੋਣ ਕਰਦੇ ਹਾਂ, ਉਹੀ ਆਉਣ ਵਾਲੇ ਸਮੇਂ ਵਿੱਚ ਸਾਡੀ ਜੀਵਨ-ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਸਾਨੂੰ ਤੁਰੰਤ ਸੁਆਦ ਅਤੇ ਸੁਵਿਧਾ ਦੇ ਸਭਿਆਚਾਰ ਤੋਂ ਉੱਪਰ ਉੱਠ ਕੇ ਸਮਝਦਾਰ ਅਤੇ ਪੌਸ਼ਟਿਕ ਖੁਰਾਕ ਦੀ ਸੰਸਕ੍ਰਿਤੀ ਵੱਲ ਵੱਧਣਾ ਪਵੇਗਾ।

ਆਧੁਨਿਕ ਸਮਾਜ ਦੀ ਤਰੱਕੀ ਦਾ ਮਾਪਦੰਡ ਇਹ ਨਹੀਂ ਹੋਣਾ ਚਾਹੀਦਾ ਕਿ ਉਹ ਕਿੰਨੀ ਤੇਜ਼ੀ ਨਾਲ ਭੋਜਨ ਤਿਆਰ ਕਰ ਸਕਦਾ ਹੈ ਅਤੇ ਖਾ ਸਕਦਾ ਹੈ; ਅਸਲ ਤਰੱਕੀ ਤਾਂ ਇਸ ਗੱਲ ਵਿੱਚ ਹੈ ਕਿ ਉਹ ਆਪਣੇ ਲੋਕਾਂ ਨੂੰ ਕਿੰਨੀ ਸਮਝਦਾਰੀ ਨਾਲ ਪੋਸ਼ਣ ਅਤੇ ਸਿਹਤ ਪ੍ਰਦਾਨ ਕਰ ਸਕਦਾ ਹੈ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

ਮੈਨੋਪਾਜ਼ ਦੇ ਆਸਪਾਸ ਮਹਿਲਾਵਾਂ ਦੇ ਸਰੀਰ 'ਚ ਹੁੰਦੀ ਹੈ ਅਚਾਨਕ ਵੱਡੀ ਤਬਦੀਲੀ

ਆਮ ਧਾਰਨਾ ਦੇ ਉਲਟ ਮੈਨੋਪਾਜ਼ (ਮਾਹਵਾਰੀ ਦਾ ਰੁਕਣਾ) ਦੇ ਆਸਪਾਸ ਮਹਿਲਾਵਾਂ ਦੇ ਸਰੀਰ 'ਚ ਅਚਾਨਕ ਤੇ ਵੱਡੀਆਂ ਹਾਰਮੋਨਲ ਤੇ ਸਰੀਰਕ ਤਬਦੀਲੀਆਂ ਆਉਂਦੀਆਂ ਹਨ। ਅਧਿਐਨ 'ਚ ਕਿਹਾ ਗਿਆ ਹੈ ਕਿ ਮੈਨੋਪਾਜ਼ •ਸ਼ਾਇਦ ਕੋਈ ਅਜਿਹੀ ਹੋਲੀ ਪ੍ਰਕਿਰਿਆ ਨਹੀਂ ਹੈ, ਜਿਸ ਵਿਚ ਕਈ ਸਾਲ ਲੱਗਦੇ ਹਨ, ਬਲਕਿ ਆਖਰੀ ਵਾਰ ਮਾਹਵਾਰੀ ਹੋਣ ਦੇ ਸਮੇਂ ਮਹਿਲਾਵਾਂ ਦਾ ਸਰੀਰ ਇਕ ਫਿਜ਼ੀਓਲਾਜੀਕਲ ਕਲਿਫ (ਸਰੀਰਕ ਤਬਦੀਲੀ ਦੇ ਅਚਾਨਕ ਤੇ ਵੱਡੇ ਮੋੜ) 'ਚੋਂ ਲੰਘ ਸਕਦਾ ਹੈ।

ਅਮਰੀਕਾ ਤੇ ਇਜ਼ਰਾਈਲ ਦੀਆਂ ਦਸ ਲੱਖ ਤੋਂ ਵੱਧ ਮਹਿਲਾਵਾਂ ਦੇ 30 ਕਰੋੜ ਤੋਂ ਵੱਧ ਲੈਬੋਰੇਟਰੀ ਟੈਸਟ ਨਤੀਜਿਆਂ ਦਾ ਵਿਸ਼ਲੇਸ਼ਣ ਕਰ ਕ, ਵਾਈਜ਼ਮੈਨ ਇੰਸਟੀਚਿਊਟ ਆਫ ਸਾਇੰਸ ਦੇ ਖੋਜੀਆਂ ਨੇ ਸਿਹਤ ਤੇ ਕੰਮਕਾਜ ਨਾਲ ਜੁੜੇ ਦਰਜਨਾਂ ਪੈਮਾਨਿਆਂ 'ਚ ਅਚਾਨਕ ਤਬਦੀਲੀਆਂ ਦੇਖੀਆਂ। ਇਹ ਤਬਦੀਲੀਆਂ ਸੈਕਸ ਹਾਰਮੋਨ ਦੇ ਪੱਧਰ 'ਚ ਹੋਣ ਵਾਲੀਆਂ ਆਮ ਤਬਦੀਲੀਆਂ ਤੇ ਪ੍ਰਜਨਨ ਸਮਰੱਥਾ ਖ਼ਤਮ ਹੋਣ ਤੋਂ ਕਿਤੇ ਵੱਧ ਸਨ। ਨੇਚਰ ਮੈਡੀਸਿਨ ਜਰਨਲ 'ਚ ਪ੍ਰਕਾਸ਼ਿਤ ਅਧਿਐਨ ਦੇ ਨਤੀਜਿਆਂ ਨਾਲ ਪਤਾ ਲੱਗਾ ਕਿ ਜਾਂਚੇ ਗਏ 90 ਤਰ੍ਹਾਂ ਦੇ ਲੈਬ ਟੈਸਟਾਂ 'ਚੋਂ 52 'ਚ ਇਹ ਤਬਦੀਲੀਆਂ ਦਿਸੀਆਂ। ਇਨ੍ਹਾਂ 'ਚ ਸਰੀਰ ਦੇ ਲਗਪਗ ਸਾਰੇ ਸਿਸਟਮ ਸ਼ਾਮਲ ਸਨ, ਜਿਵੇਂ ਕਿ ਹੱਡੀਆਂ ਦੀ ਸਿਹਤ, ਲਿਵਰ ਤੇ ਕਿਡਨੀ ਦਾ ਕੰਮਕਾਜ ਤੇ ਕੋਲੈਸਟ੍ਰੋਲ ਦਾ ਪੱਧਰ। ਜਿਹੜੀਆਂ ਮਹਿਲਾਵਾਂ ਨੂੰ ਮੈਨੋਪਾਜ਼ ਲਈ ਹਾਰਮੋਨ ਥੈਰੇਪੀ ਦਿੱਤੀ ਜਾ ਰਹੀ ਸੀ, ਉਨ੍ਹਾਂ 'ਚ ਇਹ ਤਬਦੀਲੀਆਂ ਘੱਟ ਦਿਸੀਆਂ।

ਇਸ ਤੋਂ ਇਲਾਵਾ ਇਨ੍ਹਾਂ ਅਚਾਨਕ ਤਬਦੀਲੀਆਂ ਤੋਂ ਪਹਿਲਾਂ ਸੈਕਸ ਹਾਰਮੋਨ ਦੇ ਪੱਧਰ 'ਚ ਤੇਜ਼ੀ ਨਾਲ ਤਬਦੀਲੀਆਂ ਹੋਈਆਂ ਸਨ। ਇਹ ਤਬਦੀਲੀਆਂ ਮੈਨੋਪਾਜ਼ ਤੋਂ ਇਕ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਸ਼ੁਰੂ ਹੋ ਗਈਆਂ ਸਨ ਭਾਵ ਪਹਿਲਾਂ ਜਿੰਨਾ ਸੋਚਿਆ ਸੀ, ਉਸ ਤੋਂ ਕਈ ਸਾਲ ਪਹਿਲਾਂ। ਅਧਿਐਨ 'ਚ ਪਾਇਆ ਗਿਆ ਕਿ ਬਰਾਬਰ ਉਮਰ ਦੇ ਮਰਦਾਂ 'ਚ ਅਜਿਹੀਆਂ ਅਚਾਨਕ ਤਬਦੀਲੀਆਂ ਨਹੀਂ ਦਿਸੀਆਂ। ਅਧਿਐਨ 'ਚ ਆਖਰੀ ਮਾਹਵਾਰੀ ਦੇ ਸਮੇਂ ਸਰੀਰ 'ਚ ਐਂਡੋਕ੍ਰਾਈਨ, ਕੰਕਾਲ, ਲਿਵਰ, ਕਿਡਨੀ ਤੇ ਲਿਪਿਡ ਸਿਸਟਮ ਸਮੇਤ ਸਰੀਰ ਦੀ ਕਾਰਜਪ੍ਰਣਾਲੀ 'ਚ ਅਚਾਕਨ ਤਬਦੀਲੀ ਦਾ ਪਤਾ ਲੱਗਾ। ਖੋਜੀਆਂ ਨੇ ਕਿਹਾ ਕਿ ਅਧਿਐਨ 'ਚ ਪਛਾਣੇ ਗਏ ਜ਼ਿਆਦਾ ਅਚਾਨਕ ਬਦਲਾਅ ਬਿਮਾਰੀਆਂ ਦੇ ਵਧੇ ਹੋਏ ਖ਼ਤਰੇ ਨਾਲ ਜੁੜੇ ਹਨ। ਅਜਿਹੇ 'ਚ ਇਹ ਸਿੱਟੇ ਮਹਿਲਾਵਾਂ ਨੂੰ ਮੈਨੋਪਾਜ਼ ਤੋਂ ਕਈ ਸਾਲ ਪਹਿਲਾਂ ਹੀ ਕਸਰਤ ਕਰਨ ਤੇ ਖਾਣਪਾਣ 'ਚ ਸੁਧਾਰ ਵਰਗੇ ਬਚਾਅ ਦੇ ਕਦਮ ਚੁੱਕਣ 'ਚ ਮਦਦ ਕਰ ਸਕਦੇ ਹਨ।

ਨਵੀ ਪਿੱਲੈ: 2026 ਦੇ ਨੋਬਲ ਸ਼ਾਂਤੀ ਪੁਰਸਕਾਰ ਜੇਤੂ

ਜਾਣ-ਪਛਾਣ ਅਤੇ ਨੋਬਲ ਸ਼ਾਂਤੀ ਪੁਰਸਕਾਰ ਨਵਨੇਥਮ 'ਨਵੀ' ਪਿੱਲੈ ਨੂੰ 2026 ਦਾ ਨੋਬਲ ਸ਼ਾਂਤੀ ਪੁਰਸਕਾਰ ਦੇਣ ਦਾ ਐਲਾਨ 9 ਅਕਤੂਬਰ 2026 ਨੂੰ ਕੀਤਾ ਗਿਆ ਹੈ। ਨਾਰਵੇ ਦੀ ਨੋਬਲ ਕਮੇਟੀ ਨੇ ਉਨ੍ਹਾਂ ਨੂੰ ਸ਼ਾਂਤੀ ਅਤੇ ਅੰਤਰਰਾਸ਼ਟਰੀ ਕਾਨੂੰਨ ਨੂੰ ਉਤਸ਼ਾਹਿਤ ਕਰਨ ਲਈ ਸਨਮਾਨਿਤ ਕੀਤਾ ਹੈ।ਉਹ ਭਾਰਤੀ ਤਾਮਿਲ ਮੂਲ ਦੀ ਦੱਖਣੀ ਅਫ਼ਰੀਕੀ ਕਾਨੂੰਨਦਾਨ, ਸਾਬਕਾ ਜੱਜ ਅਤੇ ਮਨੁੱਖੀ ਅਧਿਕਾਰਾਂ ਦੀ ਪ੍ਰਮੁੱਖ ਆਵਾਜ਼ ਹਨ।

ਮੁੱਢਲਾ ਜੀਵਨ ਅਤੇ ਸਿੱਖਿਆ

ਨਵੀ ਪਿੱਲੈ ਦਾ ਜਨਮ 23 ਸਤੰਬਰ 1941 ਨੂੰ ਡਰਬਨ, ਦੱਖਣੀ ਅਫ਼ਰੀਕਾ ਵਿੱਚ ਹੋਇਆ ਸੀ। ਇਸ ਵੇਲੇ ਉਹ 85 ਸਾਲਾਂ ਦੀ ਹਨ। ਉਨ੍ਹਾਂ ਦਾ ਪਰਿਵਾਰ ਭਾਰਤੀ ਤਾਮਿਲ ਮੂਲ ਨਾਲ ਸੰਬੰਧਿਤ ਹੈ, ਪਰ ਉਨ੍ਹਾਂ ਦੀ ਨਾਗਰਿਕਤਾ ਦੱਖਣੀ ਅਫ਼ਰੀਕੀ ਹੈ। ਉਨ੍ਹਾਂ ਦੀ ਜ਼ਿੰਦਗੀ ਦਾ ਸ਼ੁਰੂਆਤੀ ਸਮਾਂ ਉਸ ਸਮਾਜ ਵਿੱਚ ਬੀਤਿਆ ਜਿੱਥੇ ਨਸਲ ਦੇ ਆਧਾਰ 'ਤੇ ਲੋਕਾਂ ਨਾਲ ਭੇਦਭਾਵ ਕੀਤਾ ਜਾਂਦਾ ਸੀ।

ਉਨ੍ਹਾਂ ਨੇ ਨਟਾਲ ਯੂਨੀਵਰਸਿਟੀ ਤੋਂ 1963 ਵਿੱਚ ਬੀ.ਏ. ਅਤੇ 1965 ਵਿੱਚ ਕਾਨੂੰਨ ਦੀ ਡਿਗਰੀ ਹਾਸਲ ਕੀਤੀ। ਬਾਅਦ ਵਿੱਚ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਤੋਂ 1982 ਵਿੱਚ ਕਾਨੂੰਨ ਦੀ ਮਾਸਟਰ ਡਿਗਰੀ (LL.M.) ਅਤੇ 1988 ਵਿੱਚ ਡਾਕਟਰੇਟ (S.J.D.) ਪ੍ਰਾਪਤ ਕੀਤੀ।

ਰੰਗਭੇਦ (Apartheid) ਦੇ ਵਿਰੁੱਧ ਸੰਘਰਸ਼

1967 ਵਿੱਚ ਉਨ੍ਹਾਂ ਨੇ ਆਪਣੀ ਵਕਾਲਤ ਦੀ ਫ਼ਰਮ ਖੋਲ੍ਹੀ। ਉਸ ਸਮੇਂ ਇੱਕ ਗੈਰ-ਗੋਰੀ ਔਰਤ ਲਈ ਕਾਨੂੰਨੀ ਪੇਸ਼ੇ ਵਿੱਚ ਅੱਗੇ ਵੱਧਣਾ ਬਹੁਤ ਮੁਸ਼ਕਲ ਸੀ। ਫਿਰ ਵੀ ਉਨ੍ਹਾਂ ਨੇ ਰੰਗਭੇਦ ਵਿਰੋਧੀ ਕਾਰਕੁਨਾਂ ਅਤੇ ਸਰਕਾਰੀ ਦਮਨ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਕਾਨੂੰਨੀ ਸਹਾਇਤਾ ਦਿੱਤੀ। ਦੱਖਣੀ ਅਫ਼ਰੀਕਾ ਦੀ ਰੰਗਭੇਦ ਪ੍ਰਣਾਲੀ (ਅਪਾਰਥਾਈਡ) ਦੇ ਵਿਰੋਧੀਆਂ ਦੀ ਵਕਾਲਤ ਕਰਦਿਆਂ ਉਨ੍ਹਾਂ ਨੇ ਰਾਜਨੀਤਿਕ ਕੈਦੀਆਂ ਉੱਤੇ ਤਸ਼ੱਦਦ ਅਤੇ ਮਾੜੀਆਂ ਜੇਲ੍ਹ ਹਾਲਤਾਂ ਦੇ ਮਾਮਲੇ ਉਠਾਏ। 1973 ਵਿੱਚ ਉਨ੍ਹਾਂ ਨੇ ਰੋਬਨ ਆਈਲੈਂਡ ਦੇ ਰਾਜਨੀਤਿਕ ਕੈਦੀਆਂ ਲਈ ਵਕੀਲਾਂ ਤੱਕ ਪਹੁੰਚ ਦਾ ਹੱਕ ਜਿੱਤਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਰੰਗਭੇਦ ਖ਼ਤਮ ਹੋਣ ਤੋਂ ਬਾਅਦ, 1995 ਵਿੱਚ ਉਹ ਦੱਖਣੀ ਅਫ਼ਰੀਕਾ ਦੇ ਹਾਈ ਕੋਰਟ ਦੀ ਪਹਿਲੀ ਗੈਰ-ਗੋਰੀ ਮਹਿਲਾ ਜੱਜ ਬਣੀ।

ਰਵਾਂਡਾ ਟ੍ਰਿਬਿਊਨਲ (ICTR) ਅਤੇ ਜਿਨਸੀ ਹਿੰਸਾ 'ਤੇ ਇਤਿਹਾਸਕ ਫ਼ੈਸਲੇ ਪਿੱਲੈ ਨੇ 1995 ਤੋਂ 2003 ਤੱਕ ਰਵਾਂਡਾ ਲਈ ਅੰਤਰਰਾਸ਼ਟਰੀ ਅਪਰਾਧਿਕ ਟ੍ਰਿਬਿਊਨਲ (ICTR) ਵਿੱਚ ਜੱਜ ਵਜੋਂ ਕੰਮ ਕੀਤਾ, ਅਤੇ 1999 ਤੋਂ 2003 ਤੱਕ ਇਸ ਦੀ ਪ੍ਰਧਾਨ ਵੀ ਰਹੀਆਂ। ਜਾਂ-ਪੌਲ ਅਕਾਯੇਸੂ (Jean-Paul Akayesu) ਮਾਮਲਾ: ਸਤੰਬਰ 1998 ਵਿੱਚ ਪਿੱਲੈ ਸਮੇਤ ਤਿੰਨ ਜੱਜਾਂ ਦੇ ਬੈਂਚ ਨੇ ਇੱਕ ਇਤਿਹਾਸਕ ਫ਼ੈਸਲਾ ਸੁਣਾਇਆ । ਚਿਟਣ: 3॥। ਇਸ ਫ਼ੈਸਲੇ ਨੇ ਸਥਾਪਿਤ ਕੀਤਾ ਕਿ ਬਲਾਤਕਾਰ ਅਤੇ ਜਿਨਸੀ ਹਿੰਸਾ ਵੀ ਨਰਸੰਹਾਰ (Genocide) ਦੇ ਕ੍ਰਿਤ ਹੋ ਸਕਦੇ ਹਨ, ਜੇ ਉਹ ਕਿਸੇ ਸਮੂਹ ਨੂੰ ਨਸ਼ਟ ਕਰਨ ਦੀ ਵਿਸ਼ੇਸ਼ ਨੀਅਤ ਨਾਲ ਕੀਤੇ ਜਾਣ।

ਮੀਡੀਆ ਮਾਮਲਾ (Media Case)

2003 ਵਿੱਚ ਪਿੱਲੈ ਨੇ ਰੇਡੀਓ ਪ੍ਰਸਾਰਣ ਅਤੇ ਅਖ਼ਬਾਰ ਰਾਹੀਂ ਨਰਸੰਹਾਰ ਲਈ ਉਕਸਾਉਣ ਵਾਲੇ ਮਾਮਲੇ ਦੀ ਟ੍ਰਾਇਲ ਫ਼ੈਸਲੇ ਦੀ ਪ੍ਰਧਾਨਗੀ ਕੀਤੀ। ਇਸ ਫ਼ੈਸਲੇ ਨੇ ਸਪੱਸ਼ਟ ਕੀਤਾ ਕਿ ਨਰਸੰਹਾਰ ਲਈ ਨਫ਼ਰਤ ਭਰੇ ਸੁਨੇਹੇ ਫੈਲਾਉਣ ਅਤੇ ਉਕਸਾਉਣ ਵਾਲੇ ਵਿਅਕਤੀ ਵੀ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਹਨ।

ਅੰਤਰਰਾਸ਼ਟਰੀ ਅਪਰਾਧਿਕ ਅਦਾਲਤ (ICC) ਅਤੇ ਸੰਯੁਕਤ ਰਾਸ਼ਟਰ

* 2003 ਤੋਂ 2008 ਤੱਕ ਪਿੱਲੈ ਨੇ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ (ICC) ਵਿੱਚ ਅਪੀਲ ਚੈਂਬਰ ਦੇ ਜੱਜ ਵਜੋਂ ਸੇਵਾ ਨਿਭਾਈ।

* 2008 ਤੋਂ 2014 ਤੱਕ ਉਹ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ (UN High Commissioner for Human Rights) ਰਹੀਆਂ। ਉਨ੍ਹਾਂ ਨੇ ਮਨੁੱਖੀ ਅਧਿਕਾਰ ਸੰਧੀਆਂ ਦੀ ਨਿਗਰਾਨੀ ਕਰਨ ਵਾਲੀਆਂ ਕਮੇਟੀਆਂ ਵਿੱਚ ਸੁਧ

ਰਾਸ਼ੀਫਲ

ਮੇਖ – ਚੰਦਰਮਾ ਆਪਣੀ ਰਾਸ਼ੀ ਬਦਲੇਗਾ ਅਤੇ ਬੁੱਧਵਾਰ, 14 ਅਕਤੂਬਰ, 2026 ਨੂੰ ਸਕਾਰਪੀਓ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਅੱਠਵੇਂ ਘਰ ਵਿੱਚ ਹੋਵੇਗਾ। ਤੁਸੀਂ ਅੱਜ ਅਧਿਆਤਮਿਕ ਮਾਮਲਿਆਂ ਵਿੱਚ ਰੁੱਝੇ ਰਹੋਗੇ। ਡੂੰਘੀ ਸੋਚ ਤੁਹਾਨੂੰ ਕਿਸੇ ਵੀ ਚੁਣੌਤੀਆਂ ਵਿੱਚ ਮਦਦ ਕਰੇਗੀ। ਤੁਸੀਂ ਅੱਜ ਰਹੱਸਮਈ ਚੀਜ਼ਾਂ ਵੱਲ ਵਧੇਰੇ ਖਿੱਚੇ ਜਾਓਗੇ। ਅਧਿਆਤਮਿਕ ਸਫਲਤਾ ਪ੍ਰਾਪਤ ਕਰਨ ਦੀ ਵੀ ਸੰਭਾਵਨਾ ਹੈ। ਆਪਣੀ ਬੋਲੀ 'ਤੇ ਕਾਬੂ ਰੱਖਣ ਨਾਲ ਤੁਸੀਂ ਮੁਸੀਬਤਾਂ ਤੋਂ ਬਚ ਸਕੋਗੇ। ਲੁਕੇ ਹੋਏ ਦੁਸ਼ਮਣਾਂ ਤੋਂ ਸਾਵਧਾਨ ਰਹੋ। ਅੱਜ ਨਵਾਂ ਕੰਮ ਸ਼ੁਰੂ ਕਰਨ ਤੋਂ ਬਚੋ। ਅਚਾਨਕ ਵਿੱਤੀ ਲਾਭ ਸੰਭਵ ਹੈ। ਕੰਮ 'ਤੇ ਤੁਹਾਡਾ ਕੰਮ ਸਮੇਂ ਸਿਰ ਪੂਰਾ ਹੋਵੇਗਾ।

ਟੌਰਸ – ਚੰਦਰਮਾ ਆਪਣੀ ਰਾਸ਼ੀ ਬਦਲ ਕੇ 14 ਅਕਤੂਬਰ, 2026, ਬੁੱਧਵਾਰ ਨੂੰ ਸਕਾਰਪੀਓ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਸੱਤਵੇਂ ਘਰ ਵਿੱਚ ਹੋਵੇਗਾ। ਅੱਜ ਦਾ ਦਿਨ ਸ਼ੁਭ ਹੈ। ਤੁਸੀਂ ਸਿਹਤਮੰਦ ਰਹੋਗੇ ਅਤੇ ਮਾਨਸਿਕ ਖੁਸ਼ੀ ਦਾ ਅਨੁਭਵ ਕਰੋਗੇ। ਤੁਸੀਂ ਪਰਿਵਾਰ ਅਤੇ ਅਜ਼ੀਜ਼ਾਂ ਨਾਲ ਵਧੇਰੇ ਸਮਾਂ ਬਿਤਾਓਗੇ। ਤੁਸੀਂ ਆਪਣੇ ਸਮਾਜਿਕ ਜੀਵਨ ਵਿੱਚ ਸਫਲਤਾ ਅਤੇ ਪ੍ਰਸਿੱਧੀ ਪ੍ਰਾਪਤ ਕਰੋਗੇ। ਵਿਦੇਸ਼ ਜਾਂ ਕਿਤੇ ਹੋਰ ਤੋਂ ਚੰਗੀ ਖ਼ਬਰ ਮਿਲਣ ਦੀ ਸੰਭਾਵਨਾ ਹੈ। ਤੁਹਾਡਾ ਵਿਆਹੁਤਾ ਜੀਵਨ ਮਿੱਠਾ ਰਹੇਗਾ। ਤੁਸੀਂ ਵਿਆਹੁਤਾ ਅਨੰਦ ਦਾ ਆਨੰਦ ਮਾਣੋਗੇ। ਤੁਸੀਂ ਅਚਾਨਕ ਵਿੱਤੀ ਲਾਭ ਦਾ ਅਨੁਭਵ ਕਰੋਗੇ। ਤੁਹਾਡੇ ਪ੍ਰੇਮ ਜੀਵਨ ਵਿੱਚ ਸਕਾਰਾਤਮਕਤਾ ਰਹੇਗੀ।

ਮਿਥੁਨ– ਚੰਦਰਮਾ 14 ਅਕਤੂਬਰ, 2026, ਬੁੱਧਵਾਰ ਨੂੰ ਰਾਸ਼ੀ ਬਦਲ ਕੇ ਸਕਾਰਪੀਓ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਛੇਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਪਰਿਵਾਰ ਵਿੱਚ ਮਾਹੌਲ ਖੁਸ਼ਨੁਮਾ ਰਹੇਗਾ। ਤੁਸੀਂ ਸਰੀਰਕ ਜੋਸ਼ ਅਤੇ ਮਾਨਸਿਕ ਖੁਸ਼ੀ ਦਾ ਅਨੁਭਵ ਕਰੋਗੇ। ਅਧੂਰੇ ਕੰਮਾਂ ਨੂੰ ਪੂਰਾ ਕਰਨ ਨਾਲ ਤੁਹਾਡੀ ਖੁਸ਼ੀ ਵਧੇਗੀ। ਕੰਮ 'ਤੇ ਮਾਹੌਲ ਅਨੁਕੂਲ ਰਹੇਗਾ। ਵਿੱਤੀ ਲਾਭ ਦੀ ਸੰਭਾਵਨਾ ਹੈ। ਦੁਪਹਿਰ ਨੂੰ ਤੁਹਾਡਾ ਧਿਆਨ ਮਨੋਰੰਜਨ 'ਤੇ ਰਹੇਗਾ। ਤੁਹਾਨੂੰ ਦੋਸਤਾਂ ਅਤੇ ਪਰਿਵਾਰ ਨਾਲ ਯਾਤਰਾ ਕਰਨ ਦਾ ਮੌਕਾ ਮਿਲੇਗਾ। ਤੁਹਾਨੂੰ ਸਨਮਾਨ ਮਿਲ ਸਕਦਾ ਹੈ। ਇਹ ਤੁਹਾਡੇ ਲਈ ਲਾਭਦਾਇਕ ਸਮਾਂ ਹੈ। ਵਿਦਿਆਰਥੀ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨਗੇ।

ਕਰਕ– ਚੰਦਰਮਾ 14 ਅਕਤੂਬਰ, 2026, ਬੁੱਧਵਾਰ ਨੂੰ ਰਾਸ਼ੀ ਬਦਲ ਕੇ ਬ੍ਰਿਸ਼ਚਕ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਪੰਜਵੇਂ ਘਰ ਵਿੱਚ ਹੋਵੇਗਾ। ਅੱਜ ਸਾਵਧਾਨੀ ਵਰਤਣ ਦਾ ਦਿਨ ਹੈ। ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਵਿਗੜ ਸਕਦੀ ਹੈ। ਇਹ ਕੁਝ ਵੀ ਨਵਾਂ ਸ਼ੁਰੂ ਕਰਨ ਲਈ ਚੰਗਾ ਦਿਨ ਨਹੀਂ ਹੈ। ਤੁਸੀਂ ਮਾਨਸਿਕ ਅਸ਼ਾਂਤੀ ਅਤੇ ਚਿੰਤਾ ਦਾ ਅਨੁਭਵ ਕਰੋਗੇ। ਤੁਸੀਂ ਕਿਸੇ ਚੀਜ਼ ਨੂੰ ਲੈ ਕੇ ਚਿੜਚਿੜਾ ਮਹਿਸੂਸ ਕਰ ਸਕਦੇ ਹੋ। ਤੁਸੀਂ ਪੇਟ ਦਰਦ ਤੋਂ ਪਰੇਸ਼ਾਨ ਹੋਵੋਗੇ। ਅਚਾਨਕ ਵਿੱਤੀ ਖਰਚੇ ਪੈਦਾ ਹੋ ਸਕਦੇ ਹਨ। ਕੋਈ ਦੋਸਤ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ। ਅੱਜ ਕਿਸੇ ਵੀ ਯਾਤਰਾ ਯੋਜਨਾ ਨੂੰ ਮੁਲਤਵੀ ਕਰੋ।

ਸਿੰਘ – ਚੰਦਰਮਾ 14 ਅਕਤੂਬਰ, 2026, ਬੁੱਧਵਾਰ ਨੂੰ ਰਾਸ਼ੀ ਬਦਲ ਕੇ ਸਕਾਰਪੀਓ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਚੌਥੇ ਘਰ ਵਿੱਚ ਹੋਵੇਗਾ। ਅੱਜ ਦਾ ਦਿਨ ਖੁਸ਼ੀ ਭਰਿਆ ਰਹੇਗਾ। ਤੁਸੀਂ ਵਧੇਰੇ ਕਲਪਨਾਸ਼ੀਲ ਹੋਵੋਗੇ। ਤੁਸੀਂ ਆਪਣੇ ਸਾਹਿਤਕ ਕੰਮਾਂ ਵਿੱਚ ਮੌਲਿਕ ਕਵਿਤਾ ਰਚਣ ਲਈ ਪ੍ਰੇਰਿਤ ਹੋਵੋਗੇ। ਕਿਸੇ ਪਿਆਰੇ ਦੋਸਤ ਨਾਲ ਮੁਲਾਕਾਤ ਸ਼ੁਭ ਅਤੇ ਫਲਦਾਇਕ ਹੋਵੇਗੀ। ਨਤੀਜੇ ਵਜੋਂ, ਤੁਸੀਂ ਦਿਨ ਭਰ ਖੁਸ਼ ਮਹਿਸੂਸ ਕਰੋਗੇ। ਤੁਹਾਨੂੰ ਆਪਣੇ ਬੱਚੇ ਦੀ ਤਰੱਕੀ ਦੀ ਖ਼ਬਰ ਮਿਲੇਗੀ। ਵਿਦਿਆਰਥੀਆਂ ਲਈ ਇਹ ਚੰਗਾ ਸਮਾਂ ਹੈ। ਤੁਸੀਂ ਅੱਜ ਦਾਨ ਦੇ ਕੰਮਾਂ ਵਿੱਚ ਰੁੱਝੇ ਰਹੋਗੇ।

ਕੰਨਿਆ – ਚੰਦਰਮਾ ਆਪਣੀ ਰਾਸ਼ੀ ਬਦਲ ਕੇ 14 ਅਕਤੂਬਰ, 2026, ਬੁੱਧਵਾਰ ਨੂੰ ਸਕਾਰਪੀਓ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਤੀਜੇ ਘਰ ਵਿੱਚ ਹੋਵੇਗਾ। ਤੁਹਾਨੂੰ ਅੱਜ ਮੁਸੀਬਤਾਂ ਲਈ ਤਿਆਰ ਰਹਿਣ ਦੀ ਜ਼ਰੂਰਤ ਹੋਏਗੀ। ਤੁਸੀਂ ਆਪਣੀ ਸਿਹਤ ਬਾਰੇ ਚਿੰਤਤ ਹੋ ਸਕਦੇ ਹੋ। ਪਰਿਵਾਰਕ ਮੈਂਬਰਾਂ ਨਾਲ ਮਤਭੇਦ ਸੰਭਵ ਹਨ। ਅੱਜ ਆਪਣੀ ਮਾਂ ਦੀ ਸਿਹਤ ਦਾ ਧਿਆਨ ਰੱਖੋ। ਵਿਦਿਆਰਥੀਆਂ ਲਈ ਪੜ੍ਹਾਈ ਲਈ ਇਹ ਅਨੁਕੂਲ ਸਮਾਂ ਨਹੀਂ ਹੈ। ਤੁਹਾਨੂੰ ਵਾਹਨਾਂ ਅਤੇ ਅਚੱਲ ਜਾਇਦਾਦ ਨਾਲ ਸਬੰਧਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਖਰਚੇ ਵੀ ਹੋਣ ਦੀ ਸੰਭਾਵਨਾ ਹੈ।

ਤੁਲਾ– ਚੰਦਰਮਾ 14 ਅਕਤੂਬਰ, 2026, ਬੁੱਧਵਾਰ ਨੂੰ ਰਾਸ਼ੀ ਬਦਲ ਕੇ ਸਕਾਰਪੀਓ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਦੂਜੇ ਘਰ ਵਿੱਚ ਹੋਵੇਗਾ। ਅੱਜ ਤੁਹਾਡਾ ਮਨੋਬਲ ਕਮਜ਼ੋਰ ਰਹੇਗਾ। ਫੈਸਲੇ ਲੈਣ ਵਿੱਚ ਮੁਸ਼ਕਲ ਹੋ ਸਕਦੀ ਹੈ। ਅੱਜ ਨਵਾਂ ਕੰਮ ਸ਼ੁਰੂ ਕਰਨ ਜਾਂ ਮਹੱਤਵਪੂਰਨ ਫੈਸਲੇ ਲੈਣ ਤੋਂ ਬਚੋ। ਪਰਿਵਾਰਕ ਮੈਂਬਰਾਂ ਨਾਲ ਬਹਿਸ ਸੰਭਵ ਹੈ। ਆਪਣੇ ਜੀਵਨ ਸਾਥੀ ਨਾਲ ਵਿਚਾਰਾਂ ਦੇ ਮਤਭੇਦ ਮੌਜੂਦ ਰਹਿਣਗੇ। ਕਠੋਰ ਹੋਣ ਤੋਂ ਬਚੋ। ਨੌਕਰੀ ਕਰਨ ਵਾਲੇ ਚਿੰਤਤ ਰਹਿ ਸਕਦੇ ਹਨ। ਕਾਰੋਬਾਰੀ ਵੀ ਇੱਕ ਆਮ ਦਿਨ ਦਾ ਅਨੁਭਵ ਕਰਨਗੇ। ਬਹੁਤ ਜ਼ਿਆਦਾ ਲਾਭ ਦੇ ਲਾਲਚ ਤੋਂ ਬਚੋ।

ਸਕਾਰਪੀਓ– ਚੰਦਰਮਾ ਆਪਣੀ ਰਾਸ਼ੀ ਬਦਲ ਕੇ 14 ਅਕਤੂਬਰ, 2026, ਬੁੱਧਵਾਰ ਨੂੰ ਸਕਾਰਪੀਓ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਪਹਿਲੇ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਲਈ ਇੱਕ ਮੱਧਮ ਫਲਦਾਇਕ ਦਿਨ ਹੈ। ਬੋਲੋੜੇ ਖਰਚਿਆਂ ਨੂੰ ਕੰਟਰੋਲ ਕਰੋ। ਆਪਣੀ ਬੋਲੀ ਨੂੰ ਕੰਟਰੋਲ ਕਰਨ ਨਾਲ ਤੁਹਾਡੇ ਪਰਿਵਾਰ ਵਿੱਚ ਸ਼ਾਂਤੀ ਅਤੇ ਖੁਸ਼ੀ ਬਣਾਈ ਰੱਖਣ ਵਿੱਚ ਮਦਦ ਮਿਲੇਗੀ। ਨਕਾਰਾਤਮਕਤਾ ਤੁਹਾਡੇ ਵਿਚਾਰਾਂ ਨੂੰ ਘੇਰ ਸਕਦੀ ਹੈ, ਇਸ ਲਈ ਇਸਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ। ਧਾਰਮਿਕ ਗਤੀਵਿਧੀਆਂ 'ਤੇ ਖਰਚ ਹੋ ਸਕਦਾ ਹੈ। ਇਹ ਸਮਾਂ ਵਿਦਿਆਰਥੀਆਂ ਲਈ ਖਾਸ ਤੌਰ 'ਤੇ ਅਨੁਕੂਲ ਨਹੀਂ ਹੈ। ਕੰਮ 'ਤੇ ਕਿਸੇ ਨਾਲ ਝਗੜਾ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਧਨੁ – ਚੰਦਰਮਾ ਆਪਣੀ ਰਾਸ਼ੀ ਬਦਲੇਗਾ ਅਤੇ ਬੁੱਧਵਾਰ, 14 ਅਕਤੂਬਰ, 2026 ਨੂੰ ਸਕਾਰਪੀਓ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਬਾਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਥੋੜ੍ਹਾ ਮੁਸ਼ਕਲ ਜਾਪਦਾ ਹੈ। ਪਰਿਵਾਰਕ ਮੈਂਬਰਾਂ ਨਾਲ ਮਤਭੇਦ ਸੰਭਵ ਹਨ। ਤੁਹਾਡਾ ਵਿਵਹਾਰ ਹਮਲਾਵਰ ਹੋਵੇਗਾ ਅਤੇ ਤੁਸੀਂ ਗੁੱਸੇ ਹੋਵੋਗੇ। ਗਰਮਾ-ਗਰਮ ਬਹਿਸ ਵੀ ਹੋ ਸਕਦੀ ਹੈ। ਤੁਹਾਡੀ ਸਿਹਤ ਵਿਗੜ ਜਾਵੇਗੀ। ਤੁਹਾਨੂੰ ਆਪਣੇ ਵਿਵਹਾਰ ਅਤੇ ਬੋਲੀ 'ਤੇ ਕਾਬੂ ਰੱਖਣ ਦੀ ਜ਼ਰੂਰਤ ਹੋਏਗੀ। ਦੁਰਘਟਨਾਵਾਂ ਤੋਂ ਬਚੋ, ਕਿਉਂਕਿ ਇਸ ਨਾਲ ਤੁਹਾਨੂੰ ਜ਼ਿਆਦਾ ਪੈਸਾ ਖਰਚ ਹੋਵੇਗਾ। ਅਦਾਲਤੀ ਮਾਮਲਿਆਂ ਵਿੱਚ ਸਾਵਧਾਨ ਰਹੋ। ਵਿਦਿਆਰਥੀਆਂ ਨੂੰ ਅੱਜ ਵਾਧੂ ਮਿਹਨਤ ਕਰਨੀ ਪੈ ਸਕਦੀ ਹੈ। ਦੁਪਹਿਰ ਨੂੰ ਕਿਸੇ ਚੀਜ਼ ਕਾਰਨ ਤੁਸੀਂ ਉਦਾਸ ਮਹਿਸੂਸ ਕਰ ਸਕਦੇ ਹੋ।

ਮਕਰ – ਚੰਦਰਮਾ ਆਪਣੀ ਰਾਸ਼ੀ ਬਦਲ ਕੇ 14 ਅਕਤੂਬਰ, 2026 ਨੂੰ ਬ੍ਰਿਸ਼ਚਕ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਗਿਆਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਸਾਵਧਾਨੀ ਵਰਤੋ। ਸਫਲਤਾ ਦੀ ਘਾਟ ਕਾਰਨ ਨਿਰਾਸ਼ਾ ਹੋ ਸਕਦੀ ਹੈ। ਪਰਿਵਾਰਕ ਮੈਂਬਰਾਂ ਨਾਲ ਵਿਵਾਦ ਪੈਦਾ ਹੋ ਸਕਦੇ ਹਨ। ਆਲੇ ਦੁਆਲੇ ਦਾ ਮਾਹੌਲ ਬੇਚੈਨ ਰਹੇਗਾ। ਸਿਹਤ ਸੰਬੰਧੀ ਚਿੰਤਾਵਾਂ ਸੰਭਵ ਹਨ। ਦੁਰਘਟਨਾਵਾਂ ਦਾ ਡਰ ਰਹੇਗਾ। ਵਪਾਰਕ ਮਾਮਲਿਆਂ ਵਿੱਚ ਸਰਕਾਰੀ ਦਖਲਅੰਦਾਜ਼ੀ ਵਧੇਗੀ। ਅਦਾਲਤੀ ਮਾਮਲਿਆਂ ਨਾਲ ਨਜਿੱਠਣ ਵੇਲੇ ਸਾਵਧਾਨੀ ਵਰਤੋ। ਤੁਸੀਂ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਹਿੱਸਾ ਲਓਗੇ। ਧਾਰਮਿਕ ਗਤੀਵਿਧੀਆਂ 'ਤੇ ਵੀ ਪੈਸਾ ਖਰਚ ਹੋ ਸਕਦਾ ਹੈ।

ਕੁੰਭ – ਚੰਦਰਮਾ 14 ਅਕਤੂਬਰ, 2026, ਬੁੱਧਵਾਰ ਨੂੰ ਰਾਸ਼ੀ ਬਦਲ ਕੇ ਬ੍ਰਿਸ਼ਚਕ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਤੁਹਾਡੇ ਦਸਵੇਂ ਘਰ ਵਿੱਚ ਹੋਵੇਗਾ। ਅੱਜ ਤੁਸੀਂ ਨਵੇਂ ਕੰਮ ਕਰੋਗੇ। ਕਿਸਮਤ ਤੁਹਾਡੇ ਨਾਲ ਹੋਵੇਗੀ। ਤੁਹਾਡੀ ਨੌਕਰੀ ਅਤੇ ਕਾਰੋਬਾਰ ਵਿੱਚ ਆਮਦਨ ਦੇ ਨਵੇਂ ਸਰੋਤ ਉੱਭਰਨਗੇ। ਤੁਹਾਨੂੰ ਆਪਣੇ ਦੋਸਤਾਂ ਤੋਂ ਲਾਭ ਹੋ ਸਕਦਾ ਹੈ। ਤੁਹਾਡੀ ਸਮਾਜਿਕ ਸਥਿਤੀ ਵਧੇਗੀ, ਅਤੇ ਤੁਹਾਨੂੰ ਮਾਣ-ਸਨਮਾਨ ਮਿਲੇਗਾ। ਤੁਹਾਨੂੰ ਆਪਣੇ ਪਰਿਵਾਰ ਤੋਂ ਸੰਤੁਸ਼ਟੀ ਅਤੇ ਖੁਸ਼ੀ ਮਿਲੇਗੀ। ਯਾਤਰਾ ਜਾਂ ਵਿਆਹ ਦੀ ਸੰਭਾਵਨਾ ਹੈ। ਤੁਸੀਂ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦਾ ਅਨੁਭਵ ਕਰੋਗੇ। ਵਿਦਿਆਰਥੀਆਂ ਲਈ ਇਹ ਚੰਗਾ ਸਮਾਂ ਹੈ।

ਮੀਨ – ਚੰਦਰਮਾ ਆਪਣੀ ਰਾਸ਼ੀ ਬਦਲ ਕੇ 14 ਅਕਤੂਬਰ, 2026, ਬੁੱਧਵਾਰ ਨੂੰ ਸਕਾਰਪੀਓ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਚੰਦਰਮਾ ਨੌਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਲਈ ਸ਼ੁਭ ਦਿਨ ਹੈ। ਕੰਮ ਵਿੱਚ ਸਫਲਤਾ ਅਤੇ ਉੱਚ ਅਧਿਕਾਰੀਆਂ ਤੋਂ ਉਤਸ਼ਾਹ ਤੁਹਾਡੇ ਉਤਸ਼ਾਹ ਨੂੰ ਦੁੱਗਣਾ ਕਰ ਦੇਵੇਗਾ। ਕਾਰੋਬਾਰੀਆਂ ਨੂੰ ਵੀ ਆਪਣੀ ਆਮਦਨ ਵਿੱਚ ਵਾਧਾ ਅਨੁਭਵ ਹੋਵੇਗਾ।

ਤੁਸੀਂ ਅੱਜ ਨਿਵੇਸ਼ ਯੋਜਨਾਵਾਂ ਬਣਾ ਸਕੋਗੇ। ਤੁਹਾਨੂੰ ਕਿਸੇ ਤੋਂ ਕਰਜ਼ਾ ਵਾਪਸ ਮਿਲ ਸਕਦਾ ਹੈ। ਬਕਾਇਆ ਰਕਮਾਂ ਦਾ ਭੁਗਤਾਨ ਕੀਤਾ ਜਾਵੇਗਾ। ਤੁਹਾਨੂੰ ਆਪਣੇ ਪਿਤਾ ਅਤੇ ਬਜ਼ੁਰਗਾਂ ਤੋਂ ਲਾਭ ਹੋਵੇਗਾ। ਤੁਹਾਡੀ ਸਿਹਤ ਚੰਗੀ ਰਹੇਗੀ। ਪਰਿਵਾਰ ਵਿੱਚ ਸ਼ਾਂਤੀ ਅਤੇ ਖੁਸ਼ੀ ਰਹੇਗੀ। ਤਰੱਕੀ ਦੇ ਮੌਕੇ ਪੈਦਾ ਹੋਣਗੇ। ਤੁਹਾਨੂੰ ਸਰਕਾਰੀ ਕੰਮ ਤੋਂ ਲਾਭ ਹੋਵੇਗਾ।

ਕੁੱਤਿਆਂ ਵਾਲੇ ਸਰਦਾਰ ਦੀ (ਭਾਗ–2)



“ਰੰਗ ਹੋ ਗਿਆ ਲਾਲ ਤੋਂ ਪੀਲਾ,
ਕੀ ਗਮ ਖ਼ਾ ਗਿਆ ਪਤਲੋ।”

ਸ਼ੀਤਲ ਟਾਂਗੇ ਤੋਂ ਉਤਰੀ । ਸੂਰਜ ਚੜ੍ਹ ਚੁਕਿਆ ਸੀ । ਸ਼ੀਤਲ ਦੇ ਕਪੜਿਆਂ 'ਚ ਸਿਲਵੱਟ ਪਏ ਹੋਏ ਸਨ ਪਰ ਸ਼ਾਲ ਉਪਰ ਹੋਣ ਕਰਕੇ ਬਹੁਤਾ ਪਤਾ ਨਹੀਂ ਲੱਗਦਾ ਸੀ।

"ਸ਼ੀਤਲ ਐਧਰ ਆ।" ਮਾਂ ਨੇ ਉਸ ਨੂੰ ਥੋੜਾ ਕੁਰੱਖਤ ਅੰਦਾਜ਼ 'ਚ ਇਕ ਪਾਸੇ ਬੁਲਾਇਆ, "ਤੇ ਬੁੱਲ੍ਹਾਂ ਨੂੰ ਕੀ ਹੋਇਆ–ਸੱਜੀ ਗੱਲ੍ਹ ਤੇ ਨੀਲ ਕਿਵੇਂ ਪੈ ਗਿਆ ?" ਨੇ ਉਸ ਨੂੰ ਗਿੱਚੀ ਤੋਂ ਫੜ ਲਿਆ ਸੀ। ਉਸ ਨੇ ਤੁਰੰਤ ਮੂੰਹ ਸ਼ੀਸ਼ੇ 'ਚ ਤਕਿਆ। ਬੁੱਲ੍ਹ ਨੀਲੇ ਹੋ ਗਏ ਸੀ। ਸੱਜੀ ਗੱਲ੍ਹ ਤੇ ਪੈਸੇ ਜੇਡਾ ਨੀਲ ਲੱਗ ਰਿਹਾ ਸੀ।

ਸੀਤਲ ਤਕ ਕੇ ਬਹੁਤਾ ਘਬਰਾਈ ਨਹੀਂ।

“ਬੋਲਦੀ ਕਿਉਂ ਨਹੀਂ ਨੀ ?' ਮਾਂ ਬਘਿਆੜੀ ਬਣ ਖੜ੍ਹੀ ਸੀ।

“ਕਿੱਥੇ?”

"ਇਹ ਕੀ ਹੋਇਐ ?"

"ਤੈਨੂੰ ਦਿਸਦਾ ਹੀ ਹੈ ਮਾਂ।"

'"ਭਰਾਵਾਂ ਪਿਟੀਏ।" ਮਾਂ ਨੇ ਉਸ ਦੇ ਮੂੰਹ 'ਤੇ ਥੱਪੜ ਮਾਰਿਆ। ਸ਼ੀਤਲ ਦੀ ਚੀਕ ਨਿਕਲ ਗਈ। ਮਾਂ ਮਾਰੀ ਜਾ ਰਹੀ ਸੀ।

“ਕੀ ਗੱਲ ਹੈ ਮਾਂ–ਕਿਉਂ ਮਾਰ ਰਹੀ ਹੈਂ ?” ਜਸਵੰਤ ਨੇ ਪੁੱਛਿਆ।

“ਕਾਕਾ। ਇਹਨੂੰ ਤੇਰੇ ਪਿਉ ਨੂੰ ਨਹੀਂ ਸੀ ਉਡੀਕਣਾ ਚਾਹੀਦਾ–ਮੂੰਹ ਚੁੱਕ ਕੇ ਇਕੱਲੀ ਤੁਰ ਪਈ–ਕੋਈ ਐਰਾਂ ਗੈਰਾਂ ਦੀ ਧੀ ਐਂ–ਕੋਈ ਸੁਣੇਗਾ ਤਾਂ ਕੀ ਕਹੇਗਾ ?" ਮਾਂ ਦੇ ਗੁੱਸੇ ਨਾਲ ਬੁੱਲ੍ਹ ਕੰਬ ਰਹੇ ਸਨ।

“ਚਲ ਕੋਈ ਨਹੀਂ–ਕੁੜੀਆਂ ਨਾਲ ਰਲ ਕੇ ਆ ਗਈ–ਕਿਵੇਂ ਮਾਰ ਮਾਰ ਮੂੰਹ 'ਤੇ ਨੀਲ ਪਾ ਦਿੱਤੇ ਮਾਂ।" ਭਰਾ ਸ਼ੀਤਲ ਦੇ ਮੂੰਹ ਵਲ ਤਕ ਰਿਹਾ ਸੀ। ਸ਼ੀਤਲ ਭਰਾ ਦੀਆਂ ਅੱਖਾਂ ਚ ਹਮਦਰਦੀ ਤਕ ਕੇ ਉਸ ਦੇ ਗਲ ਲੱਗ ਗਈ। ਰੋਂਦੀ ਰਹੀ। ਭਰਾ ਵਰਾਂਦਾ ਰਿਹਾ।

ਮਾਂ ਬਾਰ ਬਾਰ ਗੁੱਸੇ ਨਾਲ ਸ਼ੀਤਲ ਵੱਲ ਵਧਦੀ ਸੀ।

ਦਿਨ ਢਲੇ ਸ਼ੀਤਲ ਦਾ ਬਾਪ ਪਹੁੰਚ ਗਿਆ, ਉਹ ਸ਼ੀਤਲ ਨੂੰ ਦੇਹਰਾਦੂਨ ਲੈਣ ਲਈ ਗਿਆ ਸੀ। ਪਰ ਸ਼ੀਤਲ ਇਕ ਰਾਤ ਪਹਿਲਾਂ ਹੀ ਤੁਰ ਪਈ ਸੀ। ਹੋਰ ਵੀ ਬਹੁਤ ਲੜਕੀਆਂ ਆਈਆਂ ਸਨ।

'ਕਮਲੀਏ ਰਾਤ ਉਡੀਕ ਤਾਂ ਲੈਂਦੀ ।' ਬਾਪੂ ਨੇ ਸਿਰ ਪਲੋਸਦਿਆਂ ਕਿਹਾ।

“ਇਹਦੀ ਖਲ ਉਧੇੜਨ ਵਾਲੀ ਹੈ–ਕੋਹੜੀ (ਮਿਸ) ਕਮੀਨੀ ਸੀ!" ਮਾਂ ਨੇ ਕਿਹਾ।

ਸ਼ੀਤਲ ਦਾ ਹਫਤਾ ਚੁਪ ਵੱਟਿਆ ਗੁਜ਼ਰ ਗਿਆ। ਵੱਡੇ ਘਰ ਦੇ ਕਿਸੇ ਨਾ ਕਿਸੇ ਕਮਰੇ 'ਚ ਵੜ ਕੇ ਉਹ ਪਈ ਰਹਿੰਦੀ ਸੀ। ਕਿਤਾਬ ਖੋਹਲਣ ਨੂੰ ਉਕਾ ਹੀ ਜੀਅ ਨਹੀਂ ਕਰਦਾ ਸੀ।

ਮਾਂ ਦੇ ਕੌੜੇ ਸੁਭਾ ਨੇ ਉਸ ਦੇ ਮਨ 'ਤੇ ਛਾਇਆ ਨਸ਼ਾ ਗੁਆ ਦਿੱਤਾ ਸੀ। ਪਰ ਉਹ ਤਦ ਵੀ ਸੁਪਨੇ 'ਚ ਰਣਜੀਤ ਨੂੰ ਉਤਾਰੀ ਰਖਦੀ ਸੀ।

"ਸ਼ੀਤਲ ਤਿਆਰੀ ਕਰ ਲਈ? ਕਲ੍ਹ ਆਪਾਂ ਪਹਿਲੀ ਗੱਡੀ ਚਲਾਂਗੇ।" ਬਾਪੂ ਨੂੰ ਕਾਲਿਜ ਖੁੱਲ੍ਹਣ ਦੀ ਤਾਰੀਖ ਦਾ ਪਤਾ ਸੀ।

"ਇਹਨੇ ਕਿਤੇ ਨਹੀਂ ਜਾਣਾ" ਮਾਂ ਨੇ ਕਿਹਾ। “ਪੜ੍ਹਨ ਨਹੀਂ ਜਾਣਾ ?”

“ਮੈਂ ਰੱਜੀ ਇਹਦੀ ਪੜ੍ਹਾਈ ਤੋਂ।”

"ਪਰ ਕਿਉਂ ?”

“ਬਸ ਦੱਸਤਾ–ਇਹ ਘਰ ਤੋਂ ਬਾਹਰ ਕਦਮ ਨਹੀਂ ਰੱਖ ਸਕਦੀ।"

“ਕੁੜੀ ਦਾ ਇਮਤਿਹਾਨ ਨੇੜੇ ਆ ਗਿਆ ਤੇ ਤੂੰ–”

“ਬਸ ਬਸ ਮੈਨੂੰ ਨਹੀਂ ਲ

MP ਵਿਕਰਮਜੀਤ ਸਾਹਨੀ ਦੀ ਅਪੀਲ ਤੋਂ ਬਾਅਦ ਦਿਲਜੀਤ ਨੇ ਦਿੱਲੀ ਕੰਸਰਟ ਦੀ ਬਦਲੀ ਤਾਰੀਖ਼

ਪ੍ਰਬੰਧਕਾਂ ਨੇ ਕੀਤਾ ਐਲਾਨ; ਹੁਣ 1 ਨਵੰਬਰ ਦੀ ਬਜਾਏ 30 ਅਕਤੂਬਰ 2026 ਨੂੰ ਹੋਵੇਗਾ ਸ਼ੋਅ

ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਦੀ ਦਿਲਜੀਤ ਦੋਸਾਂਝ ਨੂੰ ਕੀਤੀ ਅਪੀਲ ਤੋਂ ਬਾਅਦ ਗਾਇਕ ਨੇ ਦਿੱਲੀ ਵਿੱਚ ਪਹਿਲਾਂ ਤੋਂ ਤੈਅ ਆਪਣੇ 1 ਨਵੰਬਰ ਦੇ ਕੰਸਰਟ ਦੀ ਤਾਰੀਖ਼ ਬਦਲ ਦਿੱਤੀ ਹੈ।

ਸਾਹਨੀ ਵੱਲੋਂ ਦੋਸਾਂਝ ਨੂੰ ਦਿੱਲੀ ਕੰਸਰਟ ਦੀ ਤਾਰੀਖ਼ 1 ਨਵੰਬਰ ਤੋਂ ਬਦਲਣ ਦੀ ਅਪੀਲ ਕਰਨ ਦੇ ਇੱਕ ਦਿਨ ਬਾਅਦ, ਪ੍ਰਬੰਧਕਾਂ ਨੇ ਐਲਾਨ ਕੀਤਾ ਹੈ ਕਿ ਇਹ ਕੰਸਰਟ ਹੁਣ 30 ਅਕਤੂਬਰ, 2026 ਨੂੰ ਹੋਵੇਗਾ।

ਸਾਹਨੀ ਨੇ ਦਿਲਜੀਤ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਪ੍ਰਭਾਵਿਤ ਪਰਿਵਾਰਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਣ ਦੀ ਅਪੀਲ ਕੀਤੀ ਸੀ, ਜਿਨ੍ਹਾਂ ਲਈ 1 ਨਵੰਬਰ ਇਸ ਦੁਖਾਂਤ ਅਤੇ ਆਪਣੇ ਅਜ਼ੀਜ਼ਾਂ ਨੂੰ ਗੁਆਉਣ ਦੀ ਇੱਕ ਦਰਦਨਾਕ ਯਾਦ ਬਣਿਆ ਹੋਇਆ ਹੈ।

ਇਸ ਫੈਸਲੇ ਦਾ ਸਵਾਗਤ ਕਰਦਿਆਂ ਸਾਹਨੀ ਨੇ ਦਿਲਜੀਤ ਦੋਸਾਂਝ ਅਤੇ ਪ੍ਰਬੰਧਕਾਂ ਦਾ ਆਪਣੀ ਅਪੀਲ 'ਤੇ ਵਿਚਾਰ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਮੈਂ ਮੇਰੀ ਬੇਨਤੀ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਲਈ ਦਿਲਜੀਤ ਦੋਸਾਂਝ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਉਹ ਪੰਜਾਬ ਦਾ ਸੱਚਾ ਪੁੱਤਰ, ਦਸਤਾਰਧਾਰੀ ਮਾਣਮੱਤਾ ਗਲੋਬਲ ਆਈਕਨ ਅਤੇ ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਹੈ। ਪੀੜ੍ਹਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਦਰਦ ਪ੍ਰਤੀ ਉਨ੍ਹਾਂ ਦੀ ਇਹ ਸੰਵੇਦਨਸ਼ੀਲਤਾ ਹਮਦਰਦੀ ਅਤੇ ਜ਼ਿੰਮੇਵਾਰੀ ਨੂੰ ਦਰਸਾਉਂਦੀ ਹੈ ਜੋ ਉਨ੍ਹਾਂ ਦੇ ਰੁਤਬੇ ਨਾਲ ਜੁੜੀ ਹੋਈ ਹੈ।"

ਐੱਮ ਪੀ ਵਿਕਰਮ ਸਾਹਨੀ ਨੇ ਦਿਲਜੀਤ ਦੋਸਾਂਝ ਨੂੰ ਆਪਣੇ ਦਿੱਲੀ ਕੰਸਰਟ ਲਈ ਤਾਰੀਖ਼ ਬਦਲਣ ਦੀ ਕੀਤੀ ਅਪੀਲ

ਸੰਸਦ ਮੈਂਬਰ ਨੇ 1 ਨਵੰਬਰ ਨੂੰ 1984 ਦੇ ਸਿੱਖ ਕਤਲੇਆਮ ਦੀ ਬਰਸੀ ਵਜੋਂ ਉਭਾਰਿਆ

ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਨੂੰ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਖੇ 1 ਨਵੰਬਰ ਲਈ ਤੈਅ ਆਪਣੇ ਕੰਸਰਟ ਦੀ ਤਾਰੀਖ਼ ਬਦਲਣ ਦੀ ਅਪੀਲ ਕੀਤੀ ਹੈ।

ਸੰਸਦ ਮੈਂਬਰ ਨੇ 1 ਨਵੰਬਰ ਨੂੰ 1984 ਦੇ ਸਿੱਖ ਕਤਲੇਆਮ ਦੀ ਬਰਸੀ ਵਜੋਂ ਉਭਾਰਿਆ।

ਪੰਜਾਬੀ ਸੰਗੀਤ ਅਤੇ ਸੱਭਿਆਚਾਰ ਨੂੰ ਆਲਮੀ ਪੱਧਰ 'ਤੇ ਲਿਜਾਣ ਵਿੱਚ ਦਿਲਜੀਤ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਾਹਨੀ ਨੇ ਕਿਹਾ ਕਿ ਇਹ ਗਾਇਕ ਪੰਜਾਬ ਦਾ ਮਾਣ ਹੈ ਅਤੇ ਦੁਨੀਆ ਭਰ ਵਿੱਚ ਭਾਰਤ ਦੀ ਆਵਾਜ਼ ਹੈ। ਸਾਹਨੀ ਨੇ ਕਿਹਾ, "ਹਾਲਾਂਕਿ, 1 ਨਵੰਬਰ ਉਨ੍ਹਾਂ ਹਜ਼ਾਰਾਂ ਸਿੱਖ ਪਰਿਵਾਰਾਂ ਲਈ ਬੇਹੱਦ ਦਰਦਨਾਕ ਦਿਨ ਹੈ ਜੋ ਅੱਜ ਵੀ 1984 ਦੇ ਸਿੱਖ ਵਿਰੋਧੀ ਕਤਲੇਆਮ ਦੀਆਂ ਯਾਦਾਂ ਅਤੇ ਦੁੱਖ ਨਾਲ ਜੀਅ ਰਹੇ ਹਨ। ਮੈਂ ਦਿਲਜੀਤ ਅਤੇ ਪ੍ਰਬੰਧਕਾਂ ਨੂੰ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਭਾਵਨਾਵਾਂ ਦੇ ਸਤਿਕਾਰ ਵਜੋਂ ਦਿੱਲੀ ਸ਼ੋਅ ਨੂੰ ਕਿਸੇ ਹੋਰ ਤਾਰੀਖ਼ 'ਤੇ ਤਬਦੀਲ ਕਰਨ ਬਾਰੇ ਵਿਚਾਰ ਕਰਨ ਦੀ ਦਿਲੀ ਅਪੀਲ ਕਰਦਾ ਹਾਂ।" ਉਨ੍ਹਾਂ ਕਿਹਾ ਕਿ ਸੰਗੀਤ ਲੋਕਾਂ ਨੂੰ ਆਪਸ ਵਿੱਚ ਜੋੜਦਾ ਹੈ ਅਤੇ ਪੰਜਾਬ ਦੀ ਅਮੀਰ ਸੱਭਿਆਚਾਰਕ ਪਛਾਣ ਦਾ ਜਸ਼ਨ ਮਨਾਉਂਦਾ ਹੈ ਪਰ ਉਨ੍ਹਾਂ ਇਤਿਹਾਸਕ ਦੁਖਾਂਤਾਂ ਪ੍ਰਤੀ ਸੰਵੇਦਨਸ਼ੀਲ ਰਹਿਣਾ ਵੀ ਜ਼ਰੂਰੀ ਹੈ ਜੋ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਦੇ ਆ ਰਹੇ ਹਨ। ਸਾਹਨੀ ਨੇ ਕਿਹਾ, "ਇਹ ਕਿਸੇ ਕੰਸਰਟ ਦਾ ਵਿਰੋਧ ਕਰਨ ਜਾਂ ਪੰਜਾਬ ਦਾ ਨਾਂ ਰੌਸ਼ਨ ਕਰਨ ਵਾਲੇ ਕਿਸੇ ਕਲਾਕਾਰ ਦੇ ਯੋਗਦਾਨ ਨੂੰ ਘਟਾ ਕੇ ਦੇਖਣ ਬਾਰੇ ਨਹੀਂ ਹੈ। ਇਹ ਉਨ੍ਹਾਂ ਪਰਿਵਾਰਾਂ ਦੇ ਦਰਦ ਨੂੰ ਸਮਝਣ ਬਾਰੇ ਹੈ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ ਅਤੇ ਇਹ ਯਕੀਨੀ ਬਣਾਉਣ ਬਾਰੇ ਹੈ ਕਿ ਉਨ੍ਹਾਂ ਦੀਆਂ ਯਾਦਾਂ ਦਾ ਪੂਰੇ ਮਾਣ-ਸਤਿਕਾਰ ਨਾਲ ਸਨਮਾਨ ਕੀਤਾ ਜਾਵੇ।"

ਕਪਿਲ ਦੇ ਅਦਾਕਾਰੀ ਦੇ ਨਵੇਂ ਤਜ਼ਰਬੇ

ਕਲਰਜ ਟੀਵੀ ਦੇ ਸ਼ੋਅ 'ਮੰਗਲ ਲਕਸ਼ਮੀ' ਵਿੱਚ ਕਪਿਲ ਭਟਨਾਗਰ ਦੀ ਭੂਮਿਕਾ ਨਿਭਾਉਣ ਵਾਲਾ ਅਦਾਕਾਰ ਕਪਿਲ ਨਿਰਮਲ ਇਸ ਗੱਲ ਲਈ ਉਤਸ਼ਾਹਿਤ ਹੈ ਕਿ ਉਸ ਦੀ ਭੂਮਿਕਾ ਡੂੰਘਾਈ ਨਾਲ ਭਰੀ ਹੋਈ ਹੈ ਅਤੇ ਦਰਸ਼ਕ ਵੀ ਇਸ ਕਿਰਦਾਰ ਨੂੰ ਪਿਆਰ ਕਰ ਰਹੇ ਹਨ।

ਕਪਿਲ ਕਹਿੰਦਾ ਹੈ, ''ਇਸ ਕਿਰਦਾਰ ਦਾ ਆਪਣਾ ਸੁਹਜ ਅਤੇ ਡੂੰਘਾਈ ਹੈ। ਇਹ ਮੈਨੂੰ ਨਵੇਂ ਰੰਗ ਅਤੇ ਪਹਿਲੂ ਦਿਖਾਉਣ ਦਾ ਮੌਕਾ ਦਿੰਦਾ ਹੈ ਜੋ ਮੈਂ ਪਹਿਲਾਂ ਕਦੇ ਨਹੀਂ ਨਿਭਾਏ। ਹਰ ਕਿਰਦਾਰ ਆਪਣੀਆਂ ਚੁਣੌਤੀਆਂ ਨਾਲ ਆਉਂਦਾ ਹੈ ਅਤੇ ਇਸ ਕਿਰਦਾਰ ਨੇ ਮੈਨੂੰ ਕਹਾਣੀ ਦੀਆਂ ਭਾਵਨਾਵਾਂ ਪ੍ਰਤੀ ਸੱਚਾ ਰਹਿੰਦੇ ਹੋਏ ਆਪਣੇ ਆਰਾਮ ਖੇਤਰ ਤੋਂ ਬਾਹਰ ਨਿਕਲਣ ਦਾ ਮੌਕਾ ਦਿੱਤਾ ਹੈ।''

ਉਹ ਅੱਗੇ ਕਹਿੰਦਾ ਹੈ, ''ਜੇ ਤੁਸੀਂ ਸੱਚਮੁੱਚ ਆਪਣੇ ਸੁਪਨੇ ਨੂੰ ਜੀ ਰਹੇ ਹੋ ਅਤੇ ਜੋ ਤੁਸੀਂ ਪ੍ਰਾਪਤ ਕੀਤਾ ਹੈ ਉਸ ਤੋਂ ਸੰਤੁਸ਼ਟ ਹੋ, ਤਾਂ ਇਹ ਅਸਲ ਸਫਲਤਾ ਹੈ। ਮੈਨੂੰ ਜੋ ਫੀਡਬੈਕ ਮਿਲ ਰਿਹਾ ਹੈ ਉਹ ਸ਼ਾਨਦਾਰ ਹੈ – ਲੋਕ ਕਿਰਦਾਰ ਨਾਲ ਜੁੜ ਰਹੇ ਹਨ ਅਤੇ ਇਹ ਸਭ ਸਾਰੀ ਮਿਹਨਤ ਨੂੰ ਸਾਰਥਿਕ ਬਣਾਉਂਦੇ ਹਨ।'' ਸ਼ੋਅ ਦੇ ਕਲਾਕਾਰਾਂ ਨਾਲ ਕੰਮ ਕਰਨ ਦੇ ਆਪਣੇ ਤਜਰਬੇ ਬਾਰੇ ਗੱਲ ਕਰਦੇ ਹੋਏ, ਕਪਿਲ ਕਹਿੰਦਾ ਹੈ, ''ਹਾਲਾਂਕਿ ਮੈਂ ਪਹਿਲਾਂ ਕਿਸੇ ਨੂੰ ਨਹੀਂ ਜਾਣਦਾ ਸੀ, ਪਰ ਪੂਰਾ ਅਨੁਭਵ ਬਹੁਤ ਵਧੀਆ ਰਿਹਾ ਹੈ। ਸੈੱਟ 'ਤੇ ਹਮੇਸ਼ਾ ਇੱਕ ਸਕਾਰਾਤਮਕ ਊਰਜਾ ਹੁੰਦੀ ਹੈ, ਜੋ ਸਾਨੂੰ ਪ੍ਰੇਰਿਤ ਕਰਦੀ ਹੈ। ਮੈਂ ਨਮਨ ਨੂੰ ਪਹਿਲਾਂ ਹੀ ਜਾਣਦਾ ਹਾਂ ਕਿਉਂਕਿ ਅਸੀਂ ਪਹਿਲਾਂ ਹੀ 'ਨੱਚ ਬੱਲੀਏ' ਵਿੱਚ ਇਕੱਠੇ ਕੰਮ ਕਰ ਚੁੱਕੇ ਹਾਂ।''

ਕਪਿਲ ਦਾ ਮੰਨਣਾ ਹੈ ਕਿ ਇਹ ਸ਼ੋਅ ਇੱਕ ਅਦਾਕਾਰ ਦੇ ਤੌਰ 'ਤੇ ਉਸ ਦੇ ਸਫ਼ਰ ਨੂੰ ਹੋਰ ਅੱਗੇ ਲੈ ਕੇ ਜਾ ਰਿਹਾ ਹੈ ਅਤੇ ਉਸ ਨੂੰ ਵੱਡੇ ਦਰਸ਼ਕ ਵਰਗ ਨਾਲ ਜੋੜ ਰਿਹਾ ਹੈ। ਉਹ ਕਹਿੰਦਾ ਹੈ, ''ਇੱਕ ਵੱਡਾ ਸਬਕ ਜੋ ਮੈਂ ਸਿੱਖਿਆ ਹੈ ਉਹ ਇਹ ਹੈ ਕਿ ਵਿਅਕਤੀ ਨੂੰ ਹਮੇਸ਼ਾਂ ਆਪਣੇ ਆਪ ਨੂੰ ਅਪਡੇਟ ਕਰਦੇ ਰਹਿਣਾ ਚਾਹੀਦਾ ਹੈ ਅਤੇ ਲਚਕਦਾਰ ਰਹਿਣਾ ਚਾਹੀਦਾ ਹੈ ਕਿਉਂਕਿ ਹਰ ਸ਼ੋਅ ਤੁਹਾਨੂੰ ਕੁਝ ਨਵਾਂ ਸਿਖਾਉਂਦਾ ਹੈ।''

ਬਦਲਦੇ ਟੀਵੀ ਕੰਟੈਂਟ ਅਤੇ ਦਰਸ਼ਕਾਂ ਦੇ ਬਦਲਦੇ ਸਵਾਦ ਬਾਰੇ ਗੱਲ ਕਰਦੇ ਹੋਏ, ਉਹ ਕਹਿੰਦਾ ਹੈ, ''ਅਸੀਂ ਇਨਸਾਨ ਹਾਂ ਅਤੇ ਭਾਵਨਾਵਾਂ ਜ਼ਿੰਦਗੀ ਦਾ ਹਿੱਸਾ ਹਨ – ਇਹ ਆਉਂਦੀਆਂ ਅਤੇ ਜਾਂਦੀਆਂ ਰਹਿੰਦੀਆਂ ਹਨ। ਇੱਕ ਅਦਾਕਾਰ ਦੇ ਤੌਰ 'ਤੇ ਮੇਰਾ ਧਿਆਨ ਹਮੇਸ਼ਾਂ ਕਿਸੇ ਵੀ ਪ੍ਰਾਜੈਕਟ ਵਿੱਚ ਆਪਣਾ ਸਭ ਤੋਂ ਵਧੀਆ ਦੇਣ 'ਤੇ ਹੁੰਦਾ ਹੈ। ਜੇਕਰ ਕੰਟੈਂਟ ਦਰਸ਼ਕਾਂ ਨਾਲ ਜੁੜਦਾ ਹੈ, ਤਾਂ ਇਹੀ ਅਸਲ ਇਨਾਮ ਹੈ।''

ਦਿੱਲੀ ਹਾਈਕੋਰਟ ਵੱਲੋਂ ਕੰਗਨਾ ਰਣੌਤ ਬਾਰੇ ਫਰਜ਼ੀ ਅਤੇ ਅਸ਼ਲੀਲ ਸਮੱਗਰੀ ਹਟਾਉਣ ਦੇ ਹੁਕਮ

ਦਿੱਲੀ ਹਾਈਕੋਰਟ ਨੇ ਸੋਸ਼ਲ ਮੀਡੀਆ ਤੋਂ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਬਾਰੇ ਏ ਆਈ (ਅੀ) ਰਾਹੀਂ ਤਿਆਰ ਕੀਤੀ ਗਈ ਫਰਜ਼ੀ ਅਤੇ ਅਸ਼ਲੀਲ ਸਮੱਗਰੀ ਨੂੰ ਹਟਾਉਣ ਦੇ ਹੁਕਮ ਦਿੱਤੇ ਹਨ।

ਹਾਈਕੋਰਟ ਨੇ ਬਚਾਅ ਪੱਖ ਨੂੰ ਕੰਗਨਾ ਰਣੌਤ ਦੀ ਇਜਾਜ਼ਤ ਤੋਂ ਬਿਨਾਂ ਉਨ੍ਹਾਂ ਦੇ ਨਾਂ, ਤਸਵੀਰ, ਸ਼ਕਲ, ਆਵਾਜ਼, ਭਾਸ਼ਣ, ਅਕਸ ਅਤੇ ਸ਼ਖ਼ਸੀਅਤ ਨਾਲ ਜੁੜੀਆਂ ਹੋਰ ਵਿਸ਼ੇਸ਼ਤਾਵਾਂ ਦੀ ਵਰਤੋਂ ਕਰਨ ਤੋਂ ਰੋਕ ਦਿੱਤਾ ਹੈ।

ਜਸਟਿਸ ਵਿਕਾਸ ਮਹਾਜਨ ਨੇ 8 ਅਕਤੂਬਰ ਨੂੰ ਪਾਸ ਕੀਤੇ ਇੱਕ ਹੁਕਮ ਵਿੱਚ ਕਿਹਾ, "ਮੈਟਾ (ਏਟਓ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸ਼ਿਕਾਇਤਕਰਤਾ ਵੱਲੋਂ ਇਸ ਹੁਕਮ ਦੀ ਕਾਪੀ ਮੁਹੱਈਆ ਕਰਵਾਏ ਜਾਣ ਦੇ 72 ਘੰਟਿਆਂ ਦੇ ਅੰਦਰ-ਅੰਦਰ ਆਪਣੇ ਪਲੇਟਫਾਰਮਾਂ ਤੋਂ ਉਨ੍ਹਾਂ ਵੀਡੀਓਜ਼, ਰੀਲਾਂ, ਪੋਸਟਾਂ, ਅਕਾਊਂਟਸ ਜਾਂ ਚੈਨਲਾਂ ਸਮੇਤ ਪਛਾਣ ਕੀਤੀ ਗਈ ਇਤਰਾਜ਼ਯੋਗ ਸਮੱਗਰੀ ਨੂੰ ਪੱਕੇ ਤੌਰ 'ਤੇ ਹਟਾ ਦੇਵੇ ਜਾਂ ਉਸ ਤੱਕ ਪਹੁੰਚ ਬੰਦ ਕਰ ਦੇਵੇ, ਜੋ ਗ਼ੈਰ-ਕਾਨੂੰਨੀ ਢੰਗ ਨਾਲ ਸ਼ਿਕਾਇਤਕਰਤਾ ਦੀ ਸ਼ਖ਼ਸੀਅਤ ਦੀ ਵਰਤੋਂ ਜਾਂ ਨਕਲ ਕਰਦੇ ਹਨ।"

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਇਸ ਸਬੰਧੀ ਪਾਲਣਾ ਹਲਫ਼ਨਾਮਾ ਦੋ ਹਫ਼ਤਿਆਂ ਦੇ ਅੰਦਰ ਦਾਇਰ ਕੀਤਾ ਜਾਵੇ। ਅਦਾਲਤ ਨੇ ਇਹ ਅੰਤਰਿਮ ਹੁਕਮ ਕੰਗਨਾ ਰਣੌਤ ਵੱਲੋਂ ਆਪਣੀ ਸ਼ਖ਼ਸੀਅਤ ਦੇ ਅਧਿਕਾਰਾਂ (ਪਰਸਨੈਲਿਟੀ ਰਾਈਟਸ) ਦੀ ਰਾਖੀ ਲਈ ਦਾਇਰ ਕੀਤੇ ਗਏ ਮੁਕੱਦਮੇ ਦੀ ਸੁਣਵਾਈ ਕਰਦਿਆਂ ਸੁਣਾਇਆ ਹੈ।

ਰਣੌਤ ਦੇ ਵਕੀਲ ਨੇ ਜਿਨਸੀ ਅਤੇ ਅਸ਼ਲੀਲ ਸਮੱਗਰੀ, ਫਰਜ਼ੀ ਖ਼ਬਰਾਂ ਅਤੇ ਏਆਈ ਰਾਹੀਂ ਤਿਆਰ ਕੀਤੀ ਗਈ ਅਜਿਹੀ ਸਮੱਗਰੀ 'ਤੇ ਸਖ਼ਤ ਇਤਰਾਜ਼ ਜਤਾਇਆ ਹੈ ਜਿਸ ਵਿੱਚ ਭਾਜਪਾ ਆਗੂ ਦੇ ਹਵਾਲੇ ਨਾਲ ਝੂਠੇ ਬਿਆਨ ਪੇਸ਼ ਕੀਤੇ ਗਏ ਹਨ।

ਆਪਣੇ ਹੁਕਮ ਵਿੱਚ, ਅਦਾਲਤ ਨੇ ਕੇਂਦਰੀ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਅਤੇ ਦੂਰਸੰਚਾਰ ਵਿਭਾਗ ਨੂੰ ਵੀ ਹਦਾਇਤ ਕੀਤੀ ਕਿ ਉਹ ਇੰਟਰਨੈੱਟ ਅਤੇ ਟੈਲੀਕਾਮ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਨੂੰ ਦੋ ਹਫ਼ਤਿਆਂ ਦੇ ਅੰਦਰ ਪਛਾਣ ਕੀਤੀਆਂ ਗਈਆਂ ਉਲੰਘਣਾ ਕਰਨ ਵਾਲੀਆਂ ਵੈੱਬਸਾਈਟਾਂ ਨੂੰ ਬਲਾਕ ਕਰਨ ਦੇ ਜ਼ਰੂਰੀ ਨਿਰਦੇਸ਼ ਜਾਰੀ ਕਰਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਮਸ਼ਹੂਰ ਹਸਤੀਆਂ ਜਿਵੇਂ ਕਿ ਅਦਾਕਾਰਾ ਐਸ਼ਵਰਿਆ ਰਾਏ ਬੱਚਨ, ਅਭਿਸ਼ੇਕ ਬੱਚਨ ਅਤੇ ਸਲਮਾਨ ਖ਼ਾਨ, ਆਰਟ ਆਫ਼ ਲਿਵਿੰਗ ਦੇ ਸੰਸਥਾਪਕ ਸ੍ਰੀ ਸ੍ਰੀ ਰਵੀਸ਼ੰਕਰ, ਪੱਤਰਕਾਰ ਸੁਧੀਰ ਚੌਧਰੀ, ਪੌਡਕਾਸਟਰ ਰਾਜ ਸ਼ਮਾਨੀ, ਆਂਧਰਾ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਪਵਨ ਕਲਿਆਣ ਅਤੇ ਕ੍ਰਿਕਟਰ ਅਭਿਸ਼ੇਕ ਸ਼ਰਮਾ ਨੇ ਆਪਣੀ ਸ਼ਖ਼ਸੀਅਤ ਅਤੇ ਪਬਲੀਸਿਟੀ ਅਧਿਕਾਰਾਂ ਦੀ ਰਾਖੀ ਲਈ ਹਾਈਕੋਰਟ ਦਾ ਰੁਖ਼ ਕੀਤਾ ਹੈ। ਹਾਈਕੋਰਟ ਵੱਲੋਂ ਇਨ੍ਹਾਂ ਹਸਤੀਆਂ ਨੂੰ ਵੀ ਅੰਤਰਿਮ ਰਾਹਤ ਦਿੱਤੀ ਗਈ ਸੀ।

ਮੁੱਖ ਭੂਮਿਕਾ ਨਿਭਾ ਰਹੀ ਹਰਲੀਨ ਕੌਰ ਰੇਖੀ

ਟੀਵੀ ਅਦਾਕਾਰਾ ਹਰਲੀਨ ਕੌਰ ਰੇਖੀ ਇਸ ਸਮੇਂ ਸਟਾਰ ਭਾਰਤ ਦੇ ਸ਼ੋਅ 'ਕਾਮਧੇਨੂ ਗੌਮਾਤਾ' ਵਿੱਚ ਮੁੱਖ ਕਿਰਦਾਰ ਕਾਮਧੇਨੂ ਦੇਵੀ ਦੇ ਰੂਪ ਵਿੱਚ ਨਜ਼ਰ ਆ ਰਹੀ ਹੈ। ਇਸ ਸ਼ੋਅ ਦਾ ਨਿਰਮਾਣ ਪ੍ਰੇਮ ਸਾਗਰ ਅਤੇ ਸ਼ਿਵ ਸਾਗਰ ਆਪਣੇ ਬੈਨਰ ਸਾਗਰ ਵਰਲਡ ਮਲਟੀਮੀਡੀਆ ਹੇਠ ਕਰ ਰਹੇ ਹਨ। ਇਹ ਪਹਿਲੀ ਵਾਰ ਹੈ ਜਦੋਂ ਹਰਲੀਨ ਨੂੰ ਇੰਨੇ ਵੱਡੇ ਚੈਨਲ 'ਤੇ ਮੁੱਖ ਭੂਮਿਕਾ ਮਿਲੀ ਹੈ।

ਹਰਲੀਨ ਕਹਿੰਦੀ ਹੈ, ''ਮੈਂ ਸਤੰਬਰ ਵਿੱਚ ਇਸ ਭੂਮਿਕਾ ਲਈ ਆਡੀਸ਼ਨ ਦਿੱਤਾ ਸੀ, ਪਰ ਉਸ ਸਮੇਂ ਸਭ ਕੁਝ ਠੀਕ ਨਹੀਂ ਰਿਹਾ। ਲਗਭਗ ਸਾਢੇ ਤਿੰਨ ਮਹੀਨਿਆਂ ਬਾਅਦ, ਮੈਨੂੰ ਅਚਾਨਕ ਫੋਨ ਆਇਆ ਕਿ ਮੈਨੂੰ ਚੁਣਿਆ ਗਿਆ ਹੈ। ਮੈਂ ਬਹੁਤ ਖ਼ੁਸ਼ ਅਤੇ ਹੈਰਾਨ ਸੀ। ਲੁੱਕ ਟੈਸਟ ਦੌਰਾਨ, ਮੈਂ ਸੋਚਦੀ ਰਹੀ ਕਿ ਸ਼ੂਟਿੰਗ ਜਲਦੀ ਸ਼ੁਰੂ ਹੋਣੀ ਚਾਹੀਦੀ ਹੈ। ਸਾਡੇ ਕੰਮ ਵਿੱਚ ਕੁਝ ਵੀ ਪੱਕਾ ਨਹੀਂ ਹੈ ਜਦੋਂ ਤੱਕ ਤੁਸੀਂ ਸੈੱਟ 'ਤੇ ਨਹੀਂ ਪਹੁੰਚਦੇ।''

ਉਹ ਅੱਗੇ ਕਹਿੰਦੀ ਹੈ, ''ਜਦੋਂ ਮੈਂ ਪਹਿਲੀ ਵਾਰ ਪ੍ਰੇਮ ਸਾਗਰ ਸਰ ਨੂੰ ਮਿਲੀ, ਤਾਂ ਮੈਨੂੰ ਤੁਰੰਤ ਆਪਣੇਪਣ ਦਾ ਅਹਿਸਾਸ ਹੋਇਆ। ਉਹ ਮੇਰੇ ਲਈ ਇੱਕ ਮਾਰਗਦਰਸ਼ਕ ਵਾਂਗ ਬਣ ਗਏ। ਇਹ ਪਹਿਲੀ ਵਾਰ ਹੈ ਜਦੋਂ ਮੈਂ ਇੰਨੇ ਵੱਡੇ ਚੈਨਲ 'ਤੇ ਮੁੱਖ ਭੂਮਿਕਾ ਨਿਭਾ ਰਹੀ ਹਾਂ। ਇੰਡਸਟਰੀ ਵਿੱਚ 14-15 ਸਾਲ ਕੰਮ ਕਰਨ ਤੋਂ ਬਾਅਦ ਮੈਨੂੰ ਆਖਰਕਾਰ ਇਹ ਵੱਡਾ ਮੌਕਾ ਮਿਲਿਆ ਹੈ।''

ਆਪਣੇ ਕਿਰਦਾਰ ਦੀ ਤਿਆਰੀ ਬਾਰੇ ਗੱਲ ਕਰਦਿਆਂ ਹਰਲੀਨ ਕਹਿੰਦੀ ਹੈ, ''ਮੈਂ ਥੀਏਟਰ ਕਰ ਰਹੀ ਹਾਂ ਅਤੇ ਕਈ ਸਾਲਾਂ ਤੋਂ ਰਾਮਲੀਲਾ ਵੀ ਕਰ ਰਹੀ ਹਾਂ। ਇਸ ਲਈ ਮੇਰਾ ਸ਼ੁੱਧ ਹਿੰਦੀ ਦਾ ਆਧਾਰ ਸੀ, ਪਰ ਮੈਂ ਫਿਰ ਵੀ ਸਖ਼ਤ ਮਿਹਨਤ ਕੀਤੀ। ਮੈਂ ਪੂਰਾ ਸਟੇਰੀਬੋਰਡ ਮੰਗਿਆ ਅਤੇ ਕਈ ਐਪੀਸੋਡ ਪੜ੍ਹੇ। ਨਾਲ ਹੀ, ਮੈਂ ਰਚਨਾਤਮਕ ਟੀਮ ਤੋਂ ਸਲਾਹ ਲਈ ਤਾਂ ਜੋ ਮੈਂ ਕਿਰਦਾਰ ਦੀਆਂ ਬਾਰੀਕੀਆਂ ਨੂੰ ਸਮਝ ਸਕਾਂ।''

ਇੱਕ ਮਿਥਿਹਾਸਕ ਕਿਰਦਾਰ ਨਿਭਾਉਣ ਦੀਆਂ ਚੁਣੌਤੀਆਂ ਬਾਰੇ, ਉਹ ਕਹਿੰਦੀ ਹੈ, ''ਅਜਿਹੀਆਂ ਭੂਮਿਕਾਵਾਂ ਵਿੱਚ ਸਰੀਰਕ ਤਬਦੀਲੀ ਬਹੁਤ ਮਹੱਤਵਪੂਰਨ ਹੁੰਦੀ ਹੈ। ਹਰ ਕਿਰਦਾਰ ਦਾ ਰੂਪ ਅਤੇ ਸਰੀਰਕ ਭਾਸ਼ਾ ਵੱਖਰੀ ਹੋਣੀ ਚਾਹੀਦੀ ਹੈ। 'ਕਾਮਧੇਨੂ ਗੌਮਾਤਾ' ਲਈ ਮੈਨੂੰ ਹਰ ਰੋਜ਼ ਤਿਆਰ ਹੋਣ ਵਿੱਚ ਦੋ ਘੰਟੇ ਲੱਗਦੇ ਸਨ – ਪਹਿਰਾਵਾ, ਮੇਕਅਪ, ਗਹਿਣੇ, ਸਭ ਕੁਝ। ਨਾਲ ਹੀ ਭਾਸ਼ਾ ਸ਼ੁੱਧ ਹਿੰਦੀ ਹੋਣੀ ਚਾਹੀਦੀ ਹੈ। ਥੀਏਟਰ ਦੇ ਅਨੁਭਵ ਨੇ ਮੇਰੀ ਇਸ ਵਿੱਚ ਮਦਦ ਕੀਤੀ।''

ਉਹ ਅੱਗੇ ਕਹਿੰਦੀ ਹੈ, ''ਅਜਿਹੇ ਕਿਰਦਾਰ ਨਿਭਾਉਂਦੇ ਸਮੇਂ, ਅਸਲ ਜ਼ਿੰਦਗੀ ਅਤੇ

ਢਿੱਡ ਵੀ ਖਾਲੀ ਘਰ ਵੀ ਖਾਲੀ

ਕੁੜੀ ਦੀ ਵਿਦਾਈ ਵੇਲੇ ਅੱਗੇ ਬਜ਼ੁਰਗਾਂ ਨੇ ਕਹਿਣਾ, ਅੱਜ ਢਿੱਡ ਵੀ ਖਾਲੀ ਤੇ ਘਰ ਵੀ ਖਾਲੀ। ਗੱਲ ਸੱਚੀ ਹੁੰਦੀ ਸੀ ਉਸ ਦਿਨ ਤਿਲ਼ ਤਿਲ਼ ਜੋੜ ਕੇ ਬਣਾਇਆ ਦਾਜ, ਸੰਦੂਕ ਚਰਖੇ ਜਾਣ ਨਾਲ ਘਰ ਖਾਲੀ ਹੋ ਜਾਣਾ ਤੇ ਕੁੜੀ ਦੇ ਜਾਣ ਨਾਲ ਮਾਂ ਦਾ ਢਿੱਡ ਖ਼ਾਲੀ ਹੋ ਜਣਾ। ਚਲੋ ਪੁਰਾਣੇ ਸਮਿਆਂ 'ਚ ਤਾਂ ਮਾਂ ਬਾਪ ਕੁੜੀ ਦੇ ਵਰਤਣ ਵਾਲੀਆਂ ਜ਼ਰੂਰੀ ਚੀਜ਼ਾਂ ਈ ਦਿੰਦੇ ਹੁੰਦੇ ਸੀ।

ਦਾਜ ਮੰਗਣ ਦਾ ਰਿਵਾਜ ਨੀ ਸੀ ਹੁੰਦਾ ਵੈਸੇ ਵੀ ਲੋਕ ਮੰਗਣ ਨੂੰ ਮਰਨ ਬਰਾਬਰ ਸਮਝਦੇ ਹੁੰਦੇ ਸੀ। ਦਾਜ ਦੇਣ ਬਾਰੇ ਮਾਂ ਬਾਪ ਸੋਚਦੇ ਸੀ ਚਲ ਇਹਨੂੰ ਬਿਗਾਨੇ ਘਰ 'ਚ ਕੁੱਛ ਮੰਗਣਾਂ ਨਾ ਪਊ ਤੇ ਆਪਦੀਆਂ ਚੀਜ਼ਾਂ ਨੂੰ ਵਰਤਦੀ ਸਾਂਭਦੀ ਦਾ ਬਿਗਾਨੇ ਘਰ ਇਹਦਾ ਜੀਅ ਲੱਗ ਜੂ।

ਪ੍ਰਾਬਲਮ ਅਸਲ 'ਚ ਆਈ ਜਦ ਹੌਲੀ-ਹੌਲੀ ਇਹੀ ਜ਼ਰੂਰਤ ਦੀਆਂ ਚੀਜ਼ਾਂ ਵੇਖ ਵੇਖਾਲਿਆਂ ਦੇ ਚੱਕਰਾਂ 'ਚ ਪੈ ਗਈਆਂ ਤੇ ਲੋਕਾਂ ਨੂੰ ਮੁਫ਼ਤ ਦਾ ਮਿਲਣ ਵਾਲਾ ਮਾਲ ਚੰਗਾ ਲੱਗਣ ਲੱਗ ਪਿਆ।

ਸਮਾਜ 'ਚ ਬੱਲੇ ਬੱਲੇ ਕਰਵਾਉਣ ਦੇ ਮਾਰਿਆਂ ਤੇ ਲਾਲਚ ਵੱਸ ਮੁੰਡੇ ਵਾਲੇ ਦਾਜ ਮੰਗਣ ਵੱਲ ਤੁਰ ਪਏ॥ ਗੱਲ ਐਸੀ ਵਧੀ ਬਈ ਲੋਕ ਧੀਆਂ ਜੰਮਣ ਤੋਂ ਡਰਨ ਲੱਗ ਪਏ। ਹੁਣ ਅਸੀਂ ਕਹੀ ਜਾਨੇ ਆਂ ਕੁੜੀਆਂ ਮੁੰਡਿਆਂ ਦੇ ਬਰਾਬਰ ਨੇ, ਅਸੀਂ ਲੋਹੜੀਆਂ ਵੀ ਮਨਾਉਂਨੇ ਆ ਪਰ ਜਦ ਕਿਤੇ ਜੰਮੂ ਦੇ ਕਿਸੇ ਪਿੰਡ ਦੀ ਕੁੜੀ ਦੇ ਕਤਲ ਬਾਰੇ ਸੁਣਦੇ ਆਂ ਤਾਂ ਸਭ ਤੋਂ ਪਹਿਲਾਂ ਹਰੇਕ ਦੀਆਂ ਅੱਖਾਂ ਮੂਹਰੇ ਆਪਣੀ ਧੀ ਆ ਜਾਂਦੀ ਆ।

ਲੋਕ ਸੋਚਦੇ ਸੀ ਸ਼ਾਇਦ ਜਦ ਕੁੜੀਆਂ ਪੜ ਲਿਖ ਕੇ ਕਮਾਉਣ ਲੱਗ ਪਈਆਂ ਤਾਂ ਇਹ ਕੋਹੜ ਖਤਮ ਹੋ ਜੂ ਪਰ ਪਰਨਾਲਾ ਅੱਜ ਵੀ ਉੱਥੇ ਦਾ ਉੱਥੇ ਈ ਆ। ਅਸਲ 'ਚ ਬਹੁਤੇ ਮੁੰਡਿਆਂ ਵਾਲੇ ਸੋਚਦੇ ਆ ਅਸੀਂ ਮੁੰਡੇ ਦੀ ਪਰਵਰਿਸ਼ ਪੜਾਈ ਲਿਖਾਈ ਤੇ ਐਨਾ ਪੈਸਾ ਲਾਇਆ, ਦਾਜ ਕਿਉਂ ਨਾ ਲਈਏ, ਪਰ ਕੁੜੀ ਤੇ ਹੋਇਆ ਖਰਚ ਕੋਈ ਨੀਂ ਗਿਣਦਾ। ਕਈ ਵਾਰ ਸੋਚਦੀ ਆਂ ਬਈ ਇਹੋ ਜਿਹੇ ਲਾਲਚੀ ਲੋਕਾਂ ਲਈ ਮੈਰਿਜ ਬਿਊਰੋ ਦੀ ਥਾਂ ਮੈਰਿਜ ਔਕਸ਼ਨ ਹਾਊਸ ਖੋਲ੍ਹਣੇ ਚਾਹੀਦੇ ਆ, ਜਿੱਥੇ ਉਹ ਰੱਜ ਕੇ ਮੁੰਡੇ ਦੀ ਬੋਲੀ ਲਾ ਲਿਆ ਕਰਨ। ਜੀਹਦਾ ਜੀਅ ਕਰੇ ਖਰੀਦੇ, ਵਿਆਹ ਤਾਂ ਅਸਲ 'ਚ ਦੋ ਰੂਹਾਂ ਤੇ ਦੋ ਪਰਿਵਾਰਾਂ ਦਾ ਮੇਲ ਈ ਹੁੰਦਾ। ਹੁਣ ਕਈ ਲੋਕ ਤਾਂ ਨੂੰਹ ਨੂੰ ਬੈਂਕ ਦਾ ਏਟੀਐਮ ਈ ਸਮਝਦੇ ਆ।

ਜਦ ਜੀਅ ਕਰੇ ਕੈਸ਼ ਕਰਵਾਉਣ ਲਈ ਕੁੜੀ ਨੂੰ ਮਾਰਨ ਕੁੱਟਣ ਲੱਗ ਜਾਂਦੇ ਆ। ਸਭ ਤੋਂ ਸ਼ਰਮ ਵਾਲੀ ਗੱਲ ਆ ਬਈ ਇਸ ਕੰਮ 'ਚ ਔਰਤ ਈ ਔਰਤ ਦੀ ਦੁਸ਼ਮਣ ਬਣਦੀ ਆ। ਵੈਸੇ ਧੀਆਂ ਵਾਲਿਆਂ ਨੂੰ ਕਦੇ ਵੀ ਦਾਜ ਮੰਗਣ ਵਾਲਿਆਂ ਦੇ ਘਰ ਰਿਸ਼ਤਾ ਨਹੀਂ ਕਰਨਾ ਚਾਹੀਦਾ। ਕਿਉਂਕਿ ਮੰਗਤੇ ਨੇ ਹਮੇਸ਼ਾ ਮੰਗਦੇ ਈ ਰਹਿਣਾ ਹੁੰਦਾ। ਸਰਕਾਰਾਂ ਕੰਨੂਨ ਬਣਾਈ ਜਾਣ ਪਰ ਲੋਕ ਕਿੱਥੇ ਹੱਟਦੇ ਆ। ਕਹਿਣਗੇ ਨਾਂ ਜੀ ਸਾਡੀ ਕੋਈ ਮੰਗ ਨੀਂ, ਸੁੱਖ ਨਾ ਰੱਬ ਨੇ ਬਹੁਤ ਕੁੱਛ ਦਿੱਤਾ ਪਰ ਜੋ ਵੀ ਦੇਣਾ ਤੁਸੀਂ ਆਪਣੇ ਧੀ ਜੁਆਈ ਨੂੰ ਦੇਣਾ। ਮੈਨੂੰ ਲੱਗਦਾ ਅਸੀਂ ਧੀਆਂ ਨੂੰ ਪੁੱਤਾਂ ਵਾਂਗ ਪਾਲੀਏ ਜਾਂ ਧੀ ਵਾਂਗ ਪਰ ਸਾਨੂੰ ਉਹਦੇ ਹਰ ਦੁੱਖ ਸੁੱਖ 'ਚ ਉਹਦੀ ਢਾਲ ਬਣਕੇ ਜ਼ਰੂਰ ਨਾਲ ਖੜ੍ਹਨਾ ਚਾਹੀਦਾ। ਜਿਹੜਾ ਵੀ ਘਰਵਾਲਾ ਜਾਂ ਪਰਿਵਾਰ ਧੀ ਤੇ ਹੱਥ ਚੱਕਦਾ ਉਹਦੀਆਂ ਸੌਂਹਾਂ ਜਾਂ ਵਾਅਦਿਆਂ ਤੇ ਕਦੇ ਵੀ ਯਕੀਨ ਨਾ ਕਰੋ। ਧੀਆਂ ਕਦੇ ਵੀ ਬੋਝ ਨੀ ਹੁੰਦੀਆਂ, ਇਹ ਕਮਲ਼ੀਆਂ ਤਾਂ ਸਾਡੀ ਸਲਾਮਤੀ ਲਈ ਅਰਦਾਸਾਂ ਕਰਨ ਵਾਲੀਆਂ ਰੱਬੀ ਬਖਸ਼ਿਸ਼ਾਂ ਹੁੰਦੀਆਂ।

ਲਿਖਤ- ਬਲਜੀਤ ਕੌਰ ਬਰਾੜ

ਕੁਦਰਤ ਦਾ ਇਨਸਾਫ਼...

ਗ਼ਰਮੀ ਦਾ ਸਿਖਰ ਦੁਪਹਿਰਾ ਸੀ। ਕਮਲਜੀਤ ਮਾਸਟਰ ਮੋਢੇ 'ਤੇ ਬੈਗ ਟੰਗੀ ਪਿੰਡ-ਪਿੰਡ ਜਾ ਕੇ ਮਰਦਮਸ਼ੁਮਾਰੀ (ਜਨਗਣਨਾ) ਦਾ ਡਾਟਾ ਇਕੱਠਾ ਕਰ ਰਿਹਾ ਸੀ। ਗਰਮੀ ਨਾਲ ਬੁਰਾ ਹਾਲ ਸੀ, ਉਹ ਸੋਚ ਰਿਹਾ ਸੀ ਕਿ ਪਿੰਡ ਦਾ ਆਖ਼ਰੀ ਘਰ ਬਚਿਆ ਹੈ, ਇੱਥੇ ਡਿਊਟੀ ਮੁਕਾ ਕੇ ਤੇ ਠੰਡਾ ਪਾਣੀ ਪੀ ਕੇ ਆਪਣੇ ਘਰ ਵਾਪਸ ਜਾਵਾਂਗਾ। ਕਮਲਜੀਤ ਨੇ ਇੱਕ ਖਸਤਾ ਹਾਲਤ ਘਰ ਦਾ ਟੁੱਟਿਆ ਹੋਇਆ ਲੱਕੜ ਦਾ ਕੁੰਡਾ ਖੜਕਾਇਆ। ਕਈ ਆਵਾਜ਼ਾਂ ਮਾਰਨ ਤੋਂ ਬਾਅਦ ਇੱਕ ਔਰਤ ਨੇ ਦਰਵਾਜ਼ਾ ਖੋਲ੍ਹਿਆ। ਉਸਦੀ ਉਮਰ ਮਸਾਂ 37-38 ਸਾਲ ਦੀ ਹੋਵੇਗੀ, ਪਰ ਹੱਡੀਆਂ ਦੀ ਮੁੱਠ ਬਣੀ ਹੋਈ ਸੀ, ਵਾਲ ਖਿਲਰੇ ਹੋਏ ਸਨ ਅਤੇ ਚਿਹਰੇ 'ਤੇ ਕਾਲੀਆਂ ਛਾਈਆਂ ਪਈਆਂ ਹੋਈਆਂ ਸਨ।

ਘਰ ਦੇ ਵਿਹੜੇ ਵਿੱਚ ਇੱਕ ਕਮਜ਼ੋਰ ਜਿਹਾ ਬੱਚਾ ਮਿੱਟੀ ਨਾਲ ਖੇਡ ਰਿਹਾ ਸੀ ਅਤੇ ਇੱਕ ਖੂੰਜੇ ਵਿੱਚ ਬੀਮਾਰ ਬਜ਼ੁਰਗ ਔਰਤ ਖੰਘ ਰਹੀ ਸੀ। ਜਿਵੇਂ ਹੀ ਕਮਲਜੀਤ ਨੇ ਉਸ ਔਰਤ ਦੇ ਚਿਹਰੇ ਵੱਲ ਦੇਖਿਆ, ਉਸਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਇਹ ਕੋਈ ਗ਼ੈਰ ਨਹੀਂ ਸੀ, ਇਹ ਉਸਦੀ ਆਪਣੀ ਪਹਿਲੀ ਪਤਨੀ 'ਬਲਵਿੰਦਰ' ਸੀ! ਬਲਵਿੰਦਰ ਦੀ ਹਾਲਤ ਦੇਖ ਕੇ ਕਮਲਜੀਤ ਨੂੰ ਕਾਲਜ ਦੇ ਉਹ ਦਿਨ ਯਾਦ ਆ ਗਏ ਜਦੋਂ ਬਲਵਿੰਦਰ ਪੂਰੇ ਕਾਲਜ ਦੀ ਸਭ ਤੋਂ ਸੋਹਣੀ, ਸੁਨੱਖੀ ਅਤੇ ਅਮੀਰਜਾਦੀ ਕੁੜੀ ਹੁੰਦੀ ਸੀ। ਕਾਲਜ ਵਿੱਚ ਹੀ ਦੋਵਾਂ ਦੀਆਂ ਨਜ਼ਰਾਂ ਮਿਲੀਆਂ ਸਨ। ਬਲਵਿੰਦਰ ਨੇ ਕਮਲਜੀਤ ਨੂੰ ਕਿਹਾ ਸੀ, "ਮੈਂ ਤੇਰੇ ਨਾਲ ਹਰ ਦੁੱਖ-ਸੁੱਖ ਕੱਟੂੰਗੀ, ਭੁੱਖਾਂ ਕੱਟ ਲੂੰਗੀ, ਪਰ ਵਿਆਹ ਤੇਰੇ ਨਾਲ ਹੀ ਕਰਵਾਉਣਾ ਐ।" ਕਮਲਜੀਤ ਦੇ ਰੋਕਣ ਦੇ ਬਾਵਜੂਦ, ਬਲਵਿੰਦਰ ਨੇ ਆਪਣੇ ਮਾਪਿਆਂ ਨਾਲ ਬਗ਼ਾਵਤ ਕਰਕੇ ਉਸ ਨਾਲ ਵਿਆਹ ਕਰਵਾ ਲਿਆ ਸੀ।

ਪਰ ਵਿਆਹ ਤੋਂ ਬਾਅਦ ਬਲਵਿੰਦਰ ਦੇ ਬਦਲਦੇ ਰੰਗ ਸਾਹਮਣੇ ਆਏ। ਅਮੀਰ ਘਰ ਦੀ ਧੀ ਲਈ ਗ਼ਰੀਬੀ ਕੱਟਣੀ ਔਖੀ ਹੋ ਗਈ। ਕਮਲਜੀਤ ਨੂੰ ਸਰਕਾਰੀ ਨੌਕਰੀ ਨਹੀਂ ਸੀ ਮਿਲੀ, ਉਹ ਪ੍ਰਾਈਵੇਟ ਕੰਮ ਕਰਦਾ ਸੀ। ਬਲਵਿੰਦਰ ਆਏ ਦਿਨ ਮਿਹਣੇ ਮਾਰਦੀ, "ਮੈਂ ਤਾਂ ਭੁੱਖੇ ਨੰਗਿਆਂ ਦੇ ਘਰ ਆ ਕੇ ਫਸ ਗਈ।" ਉਹਨਾਂ ਦੇ ਘਰ ਇੱਕ ਧੀ (ਸੀਰਤ) ਨੇ ਜਨਮ ਲਿਆ। ਪਰ ਕਹਾਣੀ ਵਿੱਚ ਅਸਲੀ ਤੂਫ਼ਾਨ ਉਦੋਂ ਆਇਆ ਜਦੋਂ ਧੁੰਦ ਵਿੱਚ ਕਮਲਜੀਤ ਦਾ ਮੋਟਰਸਾਈਕਲ ਨਾਲ ਐਕਸੀਡੈਂਟ ਹੋ ਗਿਆ ਅਤੇ ਉਸਦੀ ਰੀੜ੍ਹ ਦੀ ਹੱਡੀ 'ਤੇ ਡੂੰਘੀ ਸੱਟ ਲੱਗ ਗਈ।

ਡਾਕਟਰਾਂ ਨੇ ਕਿਹਾ ਕਿ ਕਮਲਜੀਤ ਨੂੰ ਠੀਕ ਹੋਣ ਵਿੱਚ ਕਈ ਸਾਲ ਲੱਗ ਸਕਦੇ ਹਨ। ਇਹ ਸੁਣਦਿਆਂ ਹੀ ਬਲਵਿੰਦਰ ਨੇ ਆਪਣਾ ਅਸਲੀ ਰੰਗ ਦਿਖਾਇਆ। ਬੀਮਾਰ ਪਤੀ ਦੀ ਸੇਵਾ ਕਰਨ ਦੀ ਬਜਾਏ, ਉਹ ਆਪਣੀ ਛੋਟੀ ਜਿਹੀ ਧੀ ਨੂੰ ਛੱਡ ਕੇ ਆਪਣੇ ਪੇਕੇ ਚਲੀ ਗਈ। ਕਮਲਜੀਤ ਦੀ ਬੁੱਢੀ ਅਤੇ ਗਠੀਏ ਦੀ ਮਾਰੀ ਮਾਂ ਨੇ ਆਪਣੇ ਮੰਜੇ 'ਤੇ ਪਏ ਪੁੱਤ ਅਤੇ ਪੋਤੀ ਨੂੰ ਸਾਂਭਿਆ। ਬਲਵਿੰਦਰ ਨੇ ਵਾਪਸ ਆਉਣ ਦੀ ਬਜਾਏ ਅਦਾਲਤ ਵਿੱਚੋਂ ਤਲਾਕ ਦੇ ਕਾਗਜ਼ ਭੇਜ ਦਿੱਤੇ ਅਤੇ ਬੇਸ਼ਰਮੀ ਨਾਲ ਕਿਹਾ ਕਿ "ਮੈਂ ਤਾਂ ਪਹਿਲਾਂ ਹੀ ਗਲ਼ੇ ਫਾਹਾ ਲਾਹੁਣ ਨੂੰ ਫਿਰਦੀ ਸੀ, ਧੀ ਤੁਸੀਂ ਆਪੇ ਸਾਂਭੋ।"

ਇਹ ਸਭ ਕੁਝ ਯਾਦ ਕਰਦਿਆਂ ਕਮਲਜੀਤ ਦੀਆਂ ਅੱਖਾਂ ਭਰ ਆਈਆਂ। ਪਰ ਉਸਨੇ ਆਪਣੇ ਆਪ ਨੂੰ ਸੰਭਾਲਿਆ। ਅੱਜ ਸਮੇਂ ਨੇ ਪਾਸਾ ਪਲਟ ਦਿੱਤਾ ਸੀ। ਕਮਲਜੀਤ ਇੱਕ ਕਾਮਯਾਬ ਸਰਕਾਰੀ ਮਾਸਟਰ ਸੀ ਅਤੇ ਜਿਹੜੀ ਬਲਵਿੰਦਰ ਹੰਕਾਰ ਵਿੱਚ ਉਸਨੂੰ ਛੱਡ ਕੇ ਗਈ ਸੀ, ਅੱਜ ਡੰਗਰਾਂ ਵਾਲੇ ਵਾੜੇ ਵਿੱਚ ਰੁਲ ਰਹੀ ਸੀ।

ਕਮਲਜੀਤ ਨੇ ਸ਼ਾਂਤੀ ਨਾਲ ਪੁੱਛਿਆ, "ਬਲਵਿੰਦਰ, ਤੂੰ ਇੱਥੇ ਇਸ ਹਾਲਤ ਵਿੱਚ ਕਿਵੇਂ?" ਬਲਵਿੰਦਰ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਉਸਨੇ ਭਰੇ ਗਲੇ ਨਾਲ ਦੱਸਿਆ, "ਤਲਾਕ ਲੈਣ ਤੋਂ ਬਾਅਦ ਮੈਂ ਆਪਣੇ ਮਾਪਿਆਂ ਨੂੰ ਕਿਹਾ ਕਿ ਹੁਣ ਮੇਰਾ ਵਿਆਹ ਕਿਸੇ ਅਮੀਰ ਪਰਿਵਾਰ ਵਿੱਚ ਕਰਿਓ। ਮੇਰਾ ਦੂਜਾ ਵਿਆਹ ਬਹੁਤ ਅਮੀਰ ਘਰ ਵਿੱਚ ਹੋਇਆ। ਪਰ ਉਹ ਮੁੰਡਾ ਸਮੈਕ ਅਤੇ ਜੂਏ ਦਾ ਆਦੀ ਸੀ। ਉਹ ਨਸ਼ੇ ਵਿੱਚ ਮੇਰੀ ਕੁੱਟਮਾਰ ਕਰਦਾ। ਇੱਕ ਦਿਨ ਨਸ਼ੇ ਦੀ ਓਵਰਡੋਜ਼ ਨਾਲ ਉਸਦੀ ਮੌਤ ਹੋ ਗਈ। ਸਾਰੀ ਜ਼ਮੀਨ ਤੇ ਘਰ ਜੂਏ ਵਿੱਚ ਵਿਕ ਚੁੱਕੇ ਸਨ, ਕਰਜ਼ਾਈਆਂ ਨੇ ਸਾਨੂੰ ਘਰੋਂ ਕੱਢ ਦਿੱਤਾ। ਮੇਰੇ ਮਾਪੇ ਵੀ ਗੁਜ਼ਰ ਗਏ ਤੇ ਭਰਾਵਾਂ ਨੇ ਮੈਨੂੰ ਬੂਹੇ ਤੋਂ ਧੱਕੇ ਮਾਰ ਕੇ ਕੱਢ ਦਿੱਤਾ। ਹੁਣ ਮੈਂ ਛੋਟੀ-ਮੋਟੀ ਨੌਕਰੀ ਕਰਕੇ ਆਪਣੀ ਬੀਮਾਰ ਸੱਸ ਅਤੇ ਇਸ ਬੱਚੇ ਨੂੰ ਪਾਲ ਰਹੀ ਆਂ... ਸ਼ਾਇਦ ਮੈਨੂੰ ਤੇਰੇ ਨਾਲ ਕੀਤੇ ਧੋਖੇ ਦੀ ਸਜ਼ਾ ਮਿਲ ਰਹੀ ਐ!"

ਬਲਵਿੰਦਰ ਨੇ ਹੱਥ ਜੋੜ ਕੇ ਕਮਲਜੀਤ ਅੱਗੇ ਸਿਰ ਝੁਕਾ ਦਿੱਤਾ ਤੇ ਰੋਂਦੀ ਹੋਈ ਬੋਲੀ, "ਮੈਨੂੰ ਮੁਆਫ਼ ਕਰ ਦੇ ਕਮਲਜੀਤ! ਮੇਰੇ ਗੁਨਾਹ ਬਖ਼ਸ਼ ਦੇ!" ਕਮਲਜੀਤ ਨੇ ਬੜੇ ਠਰ੍ਹੰਮੇ ਨਾਲ ਜਵਾਬ ਦਿੱਤਾ, "ਤੇਰੇ ਗੁਨਾਹ ਤਾਂ ਮੈਂ ਉਸੇ ਦਿਨ ਬਖ਼ਸ਼ ਦਿੱਤੇ ਸੀ, ਜਿਸ ਦਿਨ ਤੂੰ ਮੈਨੂੰ ਛੱਡ ਕੇ ਗਈ ਸੀ। ਜੇ ਤੂੰ ਮੈਨੂੰ ਛੱਡ ਕੇ ਨਾ ਜਾਂਦੀ, ਤਾਂ ਸ਼ਾਇਦ ਮੈਂ ਅੰਦਰੋਂ ਐਨਾ ਮਜ਼ਬੂਤ ਨਾ ਹੁੰਦਾ ਤੇ ਅੱਜ ਇਸ ਮੁਕਾਮ 'ਤੇ ਨਾ ਪਹੁੰਚਦਾ। ਮੇਰੀ ਧੀ ਸੀਰਤ ਬਹੁਤ ਵਧੀਆ ਪੜ੍ਹ ਰਹੀ ਐ, ਅਸੀਂ ਬਹੁਤ ਖ਼ੁਸ਼ ਆਂ। ਕਾਸ਼! ਤੂੰ ਥੋੜ੍ਹਾ ਸਬਰ ਕਰ ਲੈਂਦੀ, ਤਾਂ ਅੱਜ ਆਪਾਂ ਵੀ ਇੱਕ ਹੱਸਦੀ-ਵੱਸਦੀ ਜ਼ਿੰਦਗੀ ਜੀਅ ਰਹੇ ਹੁੰਦੇ।"

ਜਾਂਦੇ ਹੋਏ ਕਮਲਜੀਤ ਨੇ ਆਪਣੀ ਜੇਬ ਵਿੱਚੋਂ ਪੰਜ ਹਜ਼ਾਰ ਰੁਪਏ ਕੱਢੇ ਅਤੇ ਮਿੱਟੀ ਵਿੱਚ ਖੇਡ ਰਹੇ ਉਸ ਮਾਸੂਮ ਬੱਚੇ ਦੀ ਹਥੇਲੀ 'ਤੇ ਰੱਖ ਦਿੱਤੇ। ਬਲਵਿੰਦਰ ਨੇ ਸ਼ਰਮਿੰਦਗੀ ਨਾਲ ਕਿਹਾ, "ਮੈਂ ਇੰਨੀ ਵੀ ਨਹੀਂ ਗਿਰੀ ਕਿ ਤੇਰੇ ਪੈਸੇ ਰੱਖਾਂ।" ਕਮਲਜੀਤ ਨੇ ਮੁਸਕਰਾ ਕੇ ਜਵਾਬ ਦਿੱਤਾ, "ਇਹ ਪੈਸੇ ਤੇਰੇ ਲਈ ਨਹੀਂ। ਮੈਂ ਹਰ ਮਹੀਨੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਪੈਸੇ ਦਿੰਦਾ ਹੁੰਦਾ, ਇਹ ਪੈਸੇ ਇਸ ਬੱਚੇ ਦੇ ਭਵਿੱਖ ਲਈ ਨੇ।" ਕਮਲਜੀਤ ਆਪਣਾ ਰਜਿਸਟਰ ਫੜ ਕੇ ਸ਼ਾਨ ਨਾਲ ਗੇਟ ਤੋਂ ਬਾਹਰ ਨਿਕਲ ਗਿਆ। ਬਲਵਿੰਦਰ ਉਦੋਂ ਤੱਕ ਹੰਝੂ ਵਹਾਉਂਦੀ ਰਹੀ, ਜਦੋਂ ਤੱਕ ਕਮਲਜੀਤ ਉਸਦੀਆਂ ਨਜ਼ਰਾਂ ਤੋਂ ਓਝਲ ਨਹੀਂ ਹੋ ਗਿਆ। ਇਸ ਤੋ ਸਾਬਤ ਹੁੰਦਾ ਕਿ ਜਦੋਂ ਇਨਸਾਨ ਹੰਕਾਰ ਵਿੱਚ ਅੰਨ੍ਹਾ ਹੋ ਕੇ ਮਾੜੇ ਵੇਲੇ ਕਿਸੇ ਦਾ ਸਾਥ ਛੱਡਦਾ ਹੈ, ਤਾਂ ਕੁਦਰਤ ਉਸਨੂੰ ਇੱਕ ਦਿਨ ਉਸੇ ਦੇ ਪੈਰਾਂ ਵਿੱਚ ਲਿਆ ਕੇ ਸੁੱਟ ਦਿੰਦੀ ਹੈ।

ਮੈਨੂੰ ਮੁਆਫ਼ ਕਰ ਦੇਈਂ ਧਰਮਿਆਂ

ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸ਼ਕਰਗੜ੍ਹ 'ਚ ਇਕ ਪਿੰਡ ਹੈ ਚੱਕ ਲੱਲਮਾਂ-ਲਾਲੀਆਂ। ਇਸਨੂੰ ਕਾਲੇ ਖਾਂ ਦਾ ਚੱਕ ਵੀ ਕਿਹਾ ਜਾਂਦੈ। ਸੰਤਾਲੀ ਤੋਂ ਪਹਿਲਾਂ ਇਹ ਰਾਜਪੂਤ, ਸੈਣੀਆਂ, ਆਰੀਆਂ, ਮਹਾਜਨਾਂ ਤੇ ਮੁਸਲਮਾਨਾਂ ਦਾ ਘੁੱਗ ਵੱਸਦਾ ਪਿੰਡ ਸੀ। ਇਸ ਇਲਾਕੇ ਦੀ ਜ਼ਮੀਨ ਬਹੁਤੀ ਉਪਜਾਊ ਨਹੀਂ ਸੀ। ਚੁਫ਼ੇਰੇ ਕਿੱਕਰਾਂ ਹੀ ਕਿੱਕਰਾਂ ਦਿਸਦੀਆਂ। ਮੀਂਹ ਪੈ ਜਾਂਦੇ ਤਾਂ ਕਮਾਦ, ਚਰ੍ਹੀ ਤੇ ਬਾਜਰਾ ਹੋ ਜਾਂਦੇ। ਮੱਕੀ ਤਾਂ ਕਿਤੇ-ਕਿਤੇ ਹੁੰਦੀ ਸੀ। ਝੋਨਾ ਬਿਲਕੁਲ ਨਹੀਂ ਸੀ ਹੁੰਦਾ। ਫੱਗਣ ਆਉਂਦਿਆਂ ਦਾਣੇ ਮੁੱਕ ਜਾਂਦੇ ਤੇ ਲੋਕ ਸੱਤੂ ਭੁੰਨ-ਭੁੰਨ ਖਾਣ ਲੱਗ ਜਾਂਦੇ। ਕਪੂਰੇ ਆਰੀਏ ਦੇ ਚਾਰ ਪੁੱਤਰਾਂ 'ਚੋਂ ਜਗਤੂ ਤੇ ਭਗਤੂ ਨੇ ਵੇਲੀਂ ਤੋਂ ਉਰਾਰ ਨਰੋਟ ਜੈਮਲ ਸਿੰਘ ਲਾਗਲੇ ਪਿੰਡ ਚੱਕ ਪ੍ਰੇਮ ਸਿੰਘ 'ਚ ਆਣ ਟੱਪਰੀਆਂ ਪਾ ਲਈਆਂ ਸਨ। ਉਹ ਜ਼ਿਮੀਂਦਾਰਾਂ ਕੋਲੋਂ ਜ਼ਮੀਨ ਅੱਧ 'ਤੇ ਲੈ ਕੇ ਝੋਨਾ ਲਗਾਉਂਦੇ। ਉਦੋਂ ਇਨ੍ਹਾਂ ਨੂੰ 'ਲਾਹੜੇ' ਕਿਹਾ ਜਾਂਦਾ ਸੀ। ਭਗਤੂ ਦੀ ਬਿਆਸੀ ਸਾਲਾ ਧੀ ਬੀਬੀ ਧਰਮੋ ਦੇਵੀ ਜ਼ਿਲ੍ਹਾ ਪਠਾਨਕੋਟ 'ਚ, ਜੰਮੂ ਦੀ ਹੱਦ 'ਤੇ ਵੱਸਦੇ ਪਿੰਡ ਫਤਿਹਪੁਰ 'ਚ ਰਹਿ ਰਹੀ ਏ। ਸੰਤਾਲੀ ਤੋਂ ਆਰ-ਪਾਰ ਦੀਆਂ ਕਈ ਕਹਾਣੀਆਂ ਉਸਦੇ ਚੇਤਿਆਂ 'ਚ ਉੱਕਰੀਆਂ ਪਈਆਂ ਹਨ। "ਮੇਰੇ ਨਾਨਕੇ ਪਿੰਡ ਭਾਈਪੁਰ ਸਨ। ਮੇਰੇ ਦੋ ਮਾਮਿਆਂ ਦੇ ਵਿਆਹ ਹੋਏ ਸਨ, ਪਰ ਬੱਚਾ ਕੋਈ ਨਹੀਂ ਸੀ ਹੋਇਆ। ਮੇਰੀ ਨਾਨੀ ਸਰਧੀ ਮੈਨੂੰ ਆਪਣੇ ਕੋਲ ਲੈ ਗਈ। ਰੌਲਿਆਂ ਤਕ ਮੈਂ ਉੱਥੇ ਈ ਰਹੀ। ਸੰਤਾਲੀ ਦੀ ਤਾਂ ਕੁਝ ਨਾ ਪੁੱਛ ਪੁੱਤਰਾ। ਉਦੋਂ ਬੜੇ ਹੱਲੇ ਪੈਂਦੇ ਰਹੇ ਨੇ। ਉਨ੍ਹਾਂ ਕੋਲ ਕਿਰਪਾਨਾਂ, ਟਕੂਆ ਤੇ ਸੁਂਗੇ ਜਿਹੇ ਹੁੰਦੇ ਸਨ। ਮੇਰੇ ਮਾਮੇ, ਸ਼ੰਕਰ ਤੇ ਰਾਮ ਲਾਲ ਇੱਧਰ ਆਉਂਦੇ ਮੁਸਲਮਾਨਾਂ ਨੇ ਘੇਰ ਲਏ ਸਨ। ਉਹ ਖਾਲੀ ਹੱਥ ਵਾਪਸ ਮੁੜੇ। ਦੋਵਾਂ ਦੇ ਸਿਰ ਪਾਟੇ ਹੋਏ ਸਨ। ਕੋਈ ਦੋ ਮਹੀਨਿਆਂ ਬਾਅਦ ਉਹ ਮੁੜ ਵੇਲੀਂ ਪਾਰ ਕਰ ਕੇ ਏਧਰ ਆਏ ਸਨ। ਪਿੱਛੇ ਰਹਿ ਗਈਆਂ, ਮੈਂ ਤੇ ਮੇਰੀ ਨਾਨੀ।

ਮੁਸਲਮਾਨਾਂ 'ਚੋਂ ਮੈਨੂੰ ਇਕ ਬੰਦਾ ਯਾਦ ਹੈ, ਭੂਰੂ ਸੁਲਤਾਨ ਨਾਂ ਸੀ ਉਸਦਾ। ਬੰਦਾ ਕਾਹਦਾ ਸਾਡੇ ਲਈ ਤਾਂ ਉਹ ਰੱਬ ਸੀ। ਉਹ ਮੈਨੂੰ ਤੇ ਨਾਨੀ ਨੂੰ ਵੇਲੀਂ ਦੇ ਕੰਢੇ ਛੱਡ ਕੇ ਗਿਆ। ਅਗਾਂਹ ਨਾਨੀ ਨੂੰ ਬਮਿਆਲ ਦਾ ਰਾਹ ਭੁੱਲ ਗਿਆ। ਅਸੀਂ ਮੁੜ ਪਿਛਾਂਹ ਵੱਲ ਚਲੀਆਂ ਗਈਆਂ। ਉੱਥੇ ਸਾਨੂੰ ਮੱਝਾਂ ਚਾਰਦਾ ਇਕ ਪਠਾਣ ਮਿਲ ਗਿਆ। ਪੁੱਛਣ ਲੱਗਾ ਮਾਈ ਕੌਣ ਆ ਤੂੰ ਤੇ ਕਿੱਥੇ ਜਾਣਾ? ਨਾਨੀ ਕਹਿਣ ਲੱਗੀ ਮੈਂ ਜੁਲਾਹ ਹਾਂ ਤੇ ਅਸੀਂ ਬਮਿਆਲ ਜਾਣਾ। ਮੇਰੀ ਨਾਨੀ ਨੇ ਕੰਨੀਂ ਸੋਨੇ ਦੀਆਂ ਡੰਡੀਆਂ ਪਾਈਆਂ ਹੋਈਆਂ ਸਨ। ਉਹ ਕਹਿ

ਸਰਕਲ ਕਬੱਡੀ ਵਾਲਿਓ, ਅੱਖਾਂ ਖੋਲ੍ਹੋ !

ਨੈਸ਼ਨਲ ਸਟਾਈਲ ਏਸ਼ੀਅਨ ਖੇਡਾਂ 'ਚ ਜਿੱਤੇ ਤਮਗੇ ਪਰ ਤੁਸੀਂ ਉੱਥੇ ਦੇ ਉੱਥੇ ਕਿਉਂ?

ਜਗਰੂਪ ਸਿੰਘ ਜਰਖੜ ਦੀ ਸਿਆਟਲ ਤੋਂ ਵਿਸ਼ੇਸ਼ ਰਿਪੋਰਟ

ਪੰਜਾਬੀਓ, ਇੱਕ ਕੌੜਾ ਸੱਚ ਸੁਣ ਲਓ। ਮੈਂ ਕੁਝ ਦਿਨ ਪਹਿਲਾਂ ਇਕ ਆਰਟੀਕਲ ਲਿਖਿਆ ਸੀ ਕਿ ਪੰਜਾਬੀਆਂ ਦੀ ਸਰਕਲ ਸਟਾਈਲ ਕਬੱਡੀ ਓਲੰਪਿਕ ਖੇਡਾਂ/ ਏਸ਼ੀਅਨ ਖੇਡਾਂ ਵਿੱਚ ਕਿਉਂ ਨਹੀਂ ਖੇਡੀ ਜਾਂਦੀ ਹੁਣ ਨਾ ਖੇਡਣ ਦਾ ਕਾਰਨ ਵੀ ਲੱਭਿਆ ਹੈ ? ਅੱਜ ਦੋ ਤਰ੍ਹਾਂ ਦੀ ਕਬੱਡੀ ਹੈ। ਇੱਕ ਨੈਸ਼ਨਲ ਸਟਾਈਲ ਕਬੱਡੀ, ਜੋ ਏਸ਼ੀਅਨ ਖੇਡਾਂ 'ਚ ਗੋਲਡ ਮੈਡਲ ਜਿੱਤ ਰਹੀ ਹੈ, ਸਰਕਾਰੀ ਨੌਕਰੀਆਂ ਲੈ ਰਹੀ ਹੈ, ਓਲੰਪਿਕ ਦੇ ਦਰਵਾਜ਼ੇ 'ਤੇ ਖੜ੍ਹੀ ਹੈ। ਦੂਜੀ ਸਾਡੀ ਆਪਣੀ ਸਰਕਲ ਸਟਾਈਲ ਕਬੱਡੀ, ਜੋ ਲੱਖਾਂ ਦੇ ਇਨਾਮਾਂ ਦੇ ਬਾਵਜੂਦ ਉੱਥੇ ਦੀ ਉੱਥੇ ਖੜ੍ਹੀ ਹੈ, ਨਸ਼ਿਆਂ ਦੇ ਭਾਂਬੜ 'ਚ ਸੜ ਰਹੀ ਹੈ।

ਫਰਕ ਸਿਰਫ ਇੱਕੋ ਹੈ – ਡਰੱਗ, ਨਸ਼ਿਆਂ ਟੀਕਿਆਂ ਬਿਨਾਂ ਨਹੀਂ ਖੇਡੀ ਜਾ ਰਹੀ ਹੈ ਸਰਕਲ ਸਟਾਈਲ ਕਬੱਡੀ

ਨੈਸ਼ਨਲ ਸਟਾਈਲ ਕਿਵੇਂ ਅੱਗੇ ਨਿਕਲ ਗਈ ?

ਨੈਸ਼ਨਲ ਸਟਾਈਲ ਵਾਲਿਆਂ ਨੇ 1970 'ਚ ਹੀ ਸਮਝ ਲਿਆ ਸੀ ਕਿ ਬਿਨਾਂ WADA / NADA ਦੇ ਓਲੰਪਿਕ ਪਰਿਵਾਰ 'ਚ ਐਂਟਰੀ ਨਹੀਂ ਮਿਲਣੀ। ਉਨ੍ਹਾਂ ਨੇ ਇੱਕ ਪਲੈਨਿੰਗ ਤਹਿਤ ਸਖ਼ਤ ਡੋਪ ਟੈਸਟ ਲਾਜ਼ਮੀ ਕਰ ਦਿੱਤੇ, ਫੈਡਰੇਸ਼ਨ ਬਣਾਈ, ਰੂਲ ਬੁੱਕ ਬਣਾਈ,ਨਿਯਮ ਬਣਾਏ, ਆਪਣਾ ਵਿਧੀ ਵਿਧਾਨ,ਕੋਚਿੰਗ ਸਿਸਟਮ ਬਣਾਇਆ, ਕਮੈਂਟੇਟਰਾਂ ਨੂੰ ਕਮੈਂਟਰੀ ਕਰਨ ਦਾ ਬਲ ਸਿਖਾਇਆ।

ਉਨਾਂ ਨੇ ਖਿਡਾਰੀਆਂ ਨੂੰ ਸਿਖਾਇਆ ਕਿ ਸਰੀਰਕ ਤਾਕਤ ਦਵਾਈ ਨਾਲ ਨਹੀਂ, ਖੁਰਾਕ ਤੇ ਅਭਿਆਸ ਨਾਲ ਬਣਦੀ ਹੈ।

ਅੱਜ ਉਨ੍ਹਾਂ ਦਾ ਖਿਡਾਰੀ ਫਿੱਟ ਹੈ, ਲੰਬੀ ਉਮਰ ਖੇਡਦਾ ਹੈ, ਤੇ ਸਟੇਟ ਸਰਕਾਰ ਉਸ ਨੂੰ DSP ਬਣਾਉਂਦੀ ਹੈ। ਰੇਲਵੇ ਅਤੇ ਹੋਰ ਅਦਾਰੇ ਕਬੱਡੀ ਨੈਸ਼ਨਲ ਸਟਾਈਲ ਵਾਲੇ ਖਿਡਾਰੀਆਂ ਨੂੰ ਗਜਟਿਡ ਰੈਂਕ ਦੀ ਨੌਕਰੀ ਦਿੰਦੇ ਹਨ । ਫਿਲਮ ਕਲਾਕਾਰ ਵੀ ਉਹਨਾਂ ਦੀ ਕਬੱਡੀ ਨੂੰ ਦੇਖਣ ਆਉਂਦੇ ਹਨ।

ਦੂਜੇ ਪਾਸੇ ਸਾਡੀ ਸਰਕਲ ਸਟਾਈਲ ਵਿੱਚ ਅਸੀਂ ਅੱਜ ਵੀ ਉੱਥੇ ਹੀ ਖੜ੍ਹੇ ਹਾਂ ਜਿੱਥੇ 30 ਸਾਲ ਪਹਿਲਾਂ ਸੀ। ਕਾਰਨ? ਅਸੀਂ ਡੋਪ ਟੈਸਟ ਤੋਂ ਭੱਜਦੇ ਹਾਂ। WADA ਅਤੇ NADA ਵਾਲੇ ਆਉਂਦੇ ਹਨ ਤੇ ਅਸੀਂ ਉਨ੍ਹਾਂ ਨੂੰ ਬੇਇੱਜ਼ਤ ਕਰਕੇ ਭਜਾ ਦਿੰਦੇ ਹਾਂ। ਉਹ ਦੁਖੀ ਹੋ ਕੇ ਕਹਿੰਦੇ ਹਨ – "ਇਸ ਖੇਡ 'ਚ ਸੁਧਾਰ ਦੀ ਉਮੀਦ ਹੀ ਨਹੀਂ।" ਕੌਮਾਂਤਰੀ ਓਲੰਪਿਕ ਸੰਘ (ਆਈਓਸੀ) ਕਦੇ ਵੀ ਅਜਿਹੀ ਖੇਡ ਨੂੰ ਮਾਣਤਾ ਨਹੀਂ ਦੇਵੇਗਾ ਜਿੱਥੇ ਇੰਨੇ ਵੱਡੇ ਪੱਧਰ ਤੇ ਖਿਡਾਰੀ ਵਲੋਂ ਡਰੱਗ ਵਰਤੀ ਜਾਂਦੀ ਹੋਵੇ।

ਖ਼ਿਡਾਰੀਆਂ ਦੀ ਮੌਤਾਂ ਦਾ ਅਸਲ ਕਾਰਨ ਹਾਰਟ ਅਟੈਕ ਨਹੀਂ, ਡਰੱਗ ਹੈ !

ਪਿਛਲੇ 5 ਸਾਲਾਂ 'ਚ ਪੰਜਾਬ 'ਚ 40 ਤੋਂ ਵੱਧ ਨਾਮੀ ਕਬੱਡੀ ਖਿਡਾਰੀ ਅਚਾਨਕ ਮਰ ਗਏ। ਖ਼ਬਰ 'ਚ ਆਉਂਦਾ ਹੈ – "ਹਾਰਟ ਅਟੈਕ ਨਾਲ ਮੌਤ"। ਪਰ ਅਸਲੀਅਤ ਕੋਈ ਨਹੀਂ ਦੱਸਦਾ।

ਅਸਲੀਅਤ ਇਹ ਹੈ ਕਿ ਇਨ੍ਹਾਂ ਖਿਡਾਰੀਆਂ ਦੇ ਸਰੀਰ 'ਚ ਸਟੀਰਾਇਡ, ਡਾਇਨਾਬੋਲ, ਟ੍ਰੇਨਬੋਲੋਨ ਅਤੇ ਨਸ਼ੀਲੇ ਟੀਕਿਆਂ ਦੀ ਮਾਤਰਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਡਾਕਟਰ ਵੀ ਹੈਰਾਨ ਰਹਿ ਜਾਂਦੇ ਹਨ ਕਿ "ਇਹ ਜਿਉਂਦਾ ਕਿਵੇਂ ਫਿਰ ਰਿਹਾ ਸੀ?"

ਇਹ ਟੀਕੇ ਦਿਲ ਦੀਆਂ ਨਾੜੀਆਂ ਨੂੰ ਬੰਦ ਕਰ ਦਿੰਦੇ ਹਨ, ਗੁਰਦੇ ਫੇਲ ਕਰ ਦਿੰਦੇ ਹਨ, ਜਿਗਰ ਗਾਲ ਦਿੰਦੇ ਹਨ। 28 ਸਾਲ ਦਾ ਗੱਭਰੂ ਜਵਾਨ ਗਰਾਊਂਡ 'ਚ ਹੀ ਡਿੱਗ ਕੇ ਮਰ ਜਾਂਦਾ ਹੈ।

ਇੱਕ ਕੌੜਾ ਸਵਾਲ ਜੋ ਸਭ ਜਾਣਦੇ ਹਨ ਪਰ ਬੋਲਦਾ ਕੋਈ ਨਹੀਂ :

ਕੋਈ ਵੀ ਵੱਡਾ ਕਬੱਡੀ ਸਪਾਂਸਰ ਆਪਣੀ ਧੀ ਦਾ ਰਿਸ਼ਤਾ ਕਿਸੇ ਵੱਡੇ ਕਬੱਡੀ ਸਟਾਰ ਨਾਲ ਕਿਉਂ ਨਹੀਂ ਕਰਦਾ? ਇਹ ਸਵਾਲ ਕਬੱਡੀ ਖਿਡਾਰੀ ਖੁਦ ਹੀ ਜਾਣਦੇ ਹਨ। ਕਿਉਂਕਿ ਸਪਾਂਸਰ ਨੂੰ ਪਤਾ ਹੈ ਕਿ ਇਸ ਖਿਡਾਰੀ ਦੀ ਉਮਰ ਕਿੰਨੀ ਹੈ। ਉਸ ਦੇ ਅੰਦਰ ਕੀ ਚੱਲ ਰਿਹਾ ਹੈ। ਉਹ ਜਾਣਦਾ ਹੈ ਕਿ ਇਹ 4 ਸਾਲ ਤੋਂ ਵੱਧ ਨਹੀਂ ਖੇਡ ਸਕਦਾ।

"ਵਿਦੇਸ਼ੀ ਟੂਰਾਂ ਤੇ 4 ਛਿੱਲੜਾਂ ਦੀ ਭੁੱਖ ਨੇ ਪੁੱਤ ਮਾਰ ਦਿੱਤੇ"

ਅੱਜ ਦਾ ਕਬੱਡੀ ਖਿਡਾਰੀ ਕੈਨੇਡਾ, ਅਮਰੀਕਾ ਦੇ ਟੂਰ ਅਤੇ 4 ਛਿੱਲੜਾਂ (ਥੋੜ੍ਹੇ ਜਿਹੇ ਪੈਸਿਆਂ) ਦੀ ਖਾਤਰ ਆਪਣੀ ਜਾਨ ਦਾਅ 'ਤੇ ਲਾ ਰਿਹਾ ਹੈ। 2–4 ਲੱਖ ਦੀ ਬੋਲੀ ਦੀ ਖਾਤਰ ਉਹ ਅਜਿਹੇ ਟੀਕੇ ਲਵਾ ਲੈਂਦਾ ਹੈ ਜੋ ਉਸ ਦੀ ਜਿੰਦਗੀ 10 ਸਾਲ ਘਟਾ ਦਿੰਦੇ ਹਨ। ਵਿਚਾਰਾ ਖ਼ਿਡਾਰੀ ਆਪਣੇ ਬੱਚਿਆਂ ਨੂੰ ਯਤੀਮ ਬਣਾ ਰਿਹਾ ਹੈ, ਤੇ ਮਾਂ–ਬਾਪ ਨੂੰ ਜਵਾਨ ਪੁੱਤ ਦੀ ਅਰਥੀ ਮੋਢਿਆਂ 'ਤੇ ਚੁੱਕਣ ਲਈ ਮਜਬੂਰ ਕਰ ਰਿਹਾ ਹੈ

ਬਚਾ ਲਓ ਪੰਜਾਬੀਓ ਆਪਣੇ ਪੁੱਤਾਂ ਨੂੰ !

ਮੇਰੀ ਸਰਕਲ ਕਬੱਡੀ ਦੇ ਪ੍ਰਮੋਟਰਾਂ, ਕਲੱਬਾਂ ਅਤੇ ਪ੍ਰਬੰਧਕਾਂ ਨੂੰ ਹੱਥ ਜੋੜ ਕੇ ਸਲਾਹ ਹੈ:

1. ਜਾਂ ਤਾਂ ਸਹੀ ਲਾਈਨ 'ਤੇ ਆ ਜਾਓ: ਹਰ ਟੂਰਨਾਮੈਂਟ 'ਚ ਅਧਅ ਤੋਂ ਲਾਜ਼ਮੀ ਡੋਪ ਟੈਸਟ ਕਰਵਾਓ। ਜੋ ਫੇਲ ਹੋਵੇ ਉਸ 'ਤੇ 5 ਸਾਲ ਦੀ ਪਾਬੰਦੀ।
2. ਨਹੀਂ ਤਾਂ ਕਬੱਡੀ ਦਾ ਖਹਿੜਾ ਛੱਡ ਦਿਓ: ਜੇ ਨਸ਼ਾ ਹੀ ਕਰਨਾ ਹੈ,ਵੇਚਣਾ ਹੈ ਤਾਂ ਕਬੱਡੀ ਦੇ ਨਾਂ 'ਤੇ ਪੰਜਾਬ ਦੇ ਪੁੱਤਾਂ ਨੂੰ ਨਾ ਮਾਰੋ।

ਜੇ ਅੱਜ ਵੀ ਨਾ ਸੁਧਰੇ ਤਾਂ ਯਾਦ ਰੱਖੋ – ਇਸ ਡਰੱਗ ਵਾਲੀ ਕਬੱਡੀ ਨੇ ਰਹਿੰਦਾ–ਖੂੰਹਦਾ ਪੰਜਾਬ ਵੀ ਨਸ਼ੇੜੀ ਬਣਾ ਦੇਣਾ ਹੈ।

ਲਿਖਣਾ ਮੇਰਾ ਵੀ ਤੁਹਾਨੂੰ ਚੰਗਾ ਨਹੀਂ ਲੱਗਣਾ, ਜਿਹੜੀ ਗੋਲੀ ਮਾਰਨੀ ਆ ਮੇਰੇ ਮਾਰ ਦਿਓ, ਮਰਨਾ ਇੱਕ ਵਾਰ ਹੀ ਹੈ। ਅਸਲ ਸੱਚਾਈ ਏਹ ਹੈ ਪਰ ਮੇਰੀ ਆਖਰੀ ਤਮੰਨਾ ਇਹ ਹੈ ਕਿ ਪੰਜਾਬੀਆਂ ਦੀ ਸਰਕਲ ਸਟਾਈਲ ਕਬੱਡੀ ਸਾਫ ਸੁਥਰੀ ਖੇਡ ਬਣ ਕੇ ਏਸ਼ੀਅਨ ਖੇਡਾਂ/ ਓਲਿੰਪਕ ਖੇਡਾਂ ਵਿੱਚ ਖੇਡੀ ਜਾਵੇ, ਕੋਈ ਜਿਹਾ ਉਪਰਾਲਾ ਕਰੀਏ, ਇਸ ਨਾਲ ਪੰਜਾਬੀਆਂ ਦੀ ਪਹਿਚਾਣ ਪੂਰੀ ਦੁਨੀਆ ਵਿਚ ਚਮਕੇਗੀ । ਬਾਕੀ ਗੁਰੂ ਭਲੀ ਕਰੇ, ਰੱਬ ਰਾਖਾ !

ਜਗਰੂਪ ਸਿੰਘ ਜਰਖੜ
ਖੇਡ ਲੇਖਕ , ਖੇਡ ਪ੍ਰਮੋਟਰ
ਫੋਨ ਨੰਬਰ +91–98143 –00722

ਜਰਖੜ ਹਾਕੀ ਅਕੈਡਮੀ ਨੇ ਕੈਨੇਡਾ ਤੇ ਅਮਰੀਕਾ ਦੀਆਂ ਮਹਾਨ ਸ਼ਖ਼ਸੀਅਤਾਂ ਦਾ ਕੀਤਾ ਸਨਮਾਨ

ਜਰਖੜ ਖੇਡਾਂ ਨੂੰ ਹੋਰ ਉੱਚੀਆਂ ਬੁਲੰਦੀਆਂ 'ਤੇ ਲਿਜਾਣ ਲਈ ਵਿਦੇਸ਼ੀ ਖੇਡ ਪ੍ਰੇਮੀਆਂ ਨੇ ਦਿੱਤੇ ਉਸਾਰੂ ਸੁਝਾਅ

ਸਿਆਟਲ/ਕੈਨੇਡਾ ਤੋਂ ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ

ਮਾਲਵੇ ਦੀਆਂ ਬਹੁਚਰਚਿਤ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਅਤੇ ਜਰਖੜ ਵਿਖੇ ਚਲਾਈ ਜਾ ਰਹੀ ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਨੂੰ ਦੁਨੀਆ ਭਰ ਵਿੱਚ ਪ੍ਰਸਿੱਧੀ ਦਿਵਾਉਣ ਲਈ ਲੰਮੇ ਸਮੇਂ ਤੋਂ ਯਤਨਸ਼ੀਲ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਅਤੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਵੱਲੋਂ ਆਪਣੇ ਅਮਰੀਕਾ ਅਤੇ ਕੈਨੇਡਾ ਦੌਰੇ ਦੌਰਾਨ ਖੇਡਾਂ, ਪੱਤਰਕਾਰੀ, ਸਾਹਿਤ, ਸੱਭਿਆਚਾਰ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਕਈ ਮਹਾਨ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਵੱਖ–ਵੱਖ ਸਮਾਗਮਾਂ ਦੌਰਾਨ ਸਨਮਾਨਿਤ ਕੀਤੀਆਂ ਗਈਆਂ ਸ਼ਖ਼ਸੀਅਤਾਂ ਵਿੱਚ ਅਮਰੀਕਾ ਦੇ ਵੱਡੇ ਖੇਡ ਪ੍ਰਮੋਟਰ ਜੇਅੈਸਟੀ ਟਰੱਕ ਪਰਮਿਟ ਕੰਪਨੀ ਫਰਿਜ਼ਨੋ ਦੇ ਐਮਡੀ ਜੰਗਸ਼ੇਰ ਸਿੰਘ ਨੂੰ, ਕੈਨੇਡਾ ਹਾਕੀ ਟੀਮ ਦੇ ਸਾਬਕਾ ਚੀਫ਼ ਕੋਚ ਸ਼ਿਵ ਵੀਰਾ ਜਗਦੇ, ਪੰਜਾਬ ਮੇਲ ਯੂਅੈਸਏ ਦੇ ਮੁੱਖ ਸੰਪਾਦਕ ਗੁਰਜਿੰਦਰ ਸਿੰਘ ਰੰਧਾਵਾ, ਹਾਕੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਤਜਿੰਦਰ ਸਿੰਘ ਔਜਲਾ, ਕੈਲੇਫੋਰਨੀਆ ਅਮਰੀਕਾ ਦੇ ਕਬੱਡੀ ਪ੍ਰਮੋਟਰ ਮਨਮੋਹਣ ਗਰੇਵਾਲ ਮੋਹਣਾ ਜੋਧਾਂ, ਗੀਤਕਾਰ ਮਨਜੀਤ ਸਿੰਘ ਚਾਹਲ, ਨਾਮਵਰ ਲੇਖਕ ਕਰਨੈਲ ਸਿੰਘ ਕੈਲ, ਇੰਡੋ–ਅਮਰੀਕਨ ਯੋਲੋ ਪੇਜ ਡਾਇਰੈਕਟਰੀ ਦੇ ਮੁੱਖ ਸੰਪਾਦਕ ਬਲਜੀਤ ਸਿੰਘ ਸੈਹਬੀ, ਇੰਦਰਜੀਤ ਸਿੰਘ ਮਾਂਗਟ, ਪਾਕਿਸਤਾਨ ਵਿੱਚ ਕਬੱਡੀ ਨੂੰ ਵੱਡੇ ਪੱਧਰ 'ਤੇ ਪ੍ਰਮੋਟ ਕਰਨ ਵਾਲੇ ਪਾਲੀ ਅਟਵਾਲ, ਰਾਜਦੀਪ ਸਿੰਘ ਖੰਗੂੜਾ, ਹਰਸਿਮਰਤ ਸਿੰਘ ਚਾਹਲ ਅਤੇ ਹਰਜਿੰਦਰ ਸਿੰਘ ਸਰੀਂਹ , ਹਰਮਨ ਗਰੇਵਾਲ ਗੁੱਜਰਵਾਲ ਮਨਟੀਕਾ, ਖੇਡ ਪ੍ਰਮੋਟਰ ਪੇਮ ਅਟਵਾਲ ਲਾਸ ਏਂਜਲਸ, ਸਰਵਿੰਦਰ ਸਰਾਂ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਸਨ।

ਜਗਰੂਪ ਸਿੰਘ ਜਰਖੜ ਨੇ ਕਿਹਾ ਕਿ ਇਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਨੇ ਆਪੋ–ਆਪਣੇ ਖੇਤਰ ਵਿੱਚ ਪੰਜਾਬ ਦੀਆਂ ਖੇਡਾਂ ਅਤੇ ਖੇਡ ਸੱਭਿਆਚਾਰ ਦੀ ਤਰੱਕੀ ਲਈ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਖ਼ਾਸ ਕਰਕੇ ਜਰਖੜ ਖੇਡਾਂ ਨੂੰ ਇੱਕ ਪੇਂਡੂ ਖੇਡ ਮੇਲੇ ਤੋਂ ਅੰਤਰਰਾਸ਼ਟਰੀ ਪੱਧਰ ਦੀ ਪਛਾਣ ਦਿਵਾਉਣ ਵਿੱਚ ਦੇਸ਼–ਵਿਦੇਸ਼ ਵਸਦੇ ਖੇਡ ਪ੍ਰੇਮੀਆਂ, ਪ੍ਰਮੋਟਰਾਂ, ਪੱਤਰਕਾਰਾਂ ਅਤੇ ਖੇਡ ਹਸਤੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

ਜੰਗਸ਼ੇਰ ਸਿੰਘ ਫਰਿਜ਼ਨੋ ਅਤੇ ਕੋਚ ਸ਼ਿਵ ਵੀਰਾ ਨੇ ਦਿੱਤਾ ਜਰਖੜ ਖੇਡਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਣ ਦਾ ਸੁਝਾਅ

ਜੇਅੈਸਟੀ ਟਰੱਕ ਪਰਮਿਟ ਦੇ ਐਮਡੀ ਅਤੇ ਉੱਘੇ ਖੇਡ ਪ੍ਰਮੋਟਰ ਜੰਗਸ਼ੇਰ ਸਿੰਘ ਅਤੇ ਕੈਨੇਡਾ ਹਾਕੀ ਟੀਮ ਦੇ ਸਾਬਕਾ ਚੀਫ਼ ਕੋਚ ਸ਼ਿਵ ਵੀਰਾ ਨੇ ਜਰਖੜ ਖੇਡਾਂ ਦੀ ਲੰਮੀ ਖੇਡ ਯਾਤਰਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਰਖੜ ਨੇ ਪੇਂਡੂ ਖੇਤਰ ਵਿੱਚ ਹਾਕੀ ਅਤੇ ਹੋਰ ਖੇਡਾਂ ਨੂੰ ਜਿਸ ਤਰ੍ਹਾਂ ਇੱਕ ਵੱਡਾ ਮੰਚ ਦਿੱਤਾ ਹੈ, ਉਹ ਆਪਣੇ ਆਪ ਵਿੱਚ ਮਿਸਾਲ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਜਰਖੜ ਖੇਡਾਂ ਨੂੰ ਹੋਰ ਅੰਤਰਰਾਸ਼ਟਰੀ ਰੂਪ ਦੇਣ ਲਈ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਖੇਡ ਪ੍ਰੇਮੀਆਂ ਅਤੇ ਸਾਬਕਾ ਖਿਡਾਰੀਆਂ ਨੂੰ ਵੀ ਇਸ ਨਾਲ ਜੋੜਿਆ ਜਾਵੇ। ਉਨ੍ਹਾਂ ਕਿਹਾ ਕਿ ਜਰਖੜ ਵਿੱਚ ਨੌਜਵਾਨ ਖਿਡਾਰੀਆਂ ਲਈ ਕੋਚਿੰਗ ਕੈਂਪ, ਵਿਦੇਸ਼ੀ ਕੋਚਾਂ ਦੇ ਵਿਸ਼ੇਸ਼ ਸੈਸ਼ਨ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਨਾਲ ਤਜਰਬਾ ਸਾਂਝਾ ਕਰਨ ਦੇ ਮੌਕੇ ਪੈਦਾ ਕੀਤੇ ਜਾਣ ਤਾਂ ਇਸ ਦਾ ਨੌਜਵਾਨਾਂ ਨੂੰ ਵੱਡਾ ਲਾਭ ਮਿਲ ਸਕਦਾ ਹੈ।

ਗੁਰਜਿੰਦਰ ਰੰਧਾਵਾ ਨੇ ਕਿਹਾ—ਜਰਖੜ ਦੀ ਪਛਾਣ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਦੀ ਲੋੜ

ਪੰਜਾਬ ਮੇਲ ਯੂਅੈਸਏ ਦੇ ਮੁੱਖ ਸੰਪਾਦਕ ਗੁਰਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜਰਖੜ ਖੇਡਾਂ ਸਿਰਫ਼ ਇੱਕ ਖੇਡ ਮੇਲਾ ਨਹੀਂ, ਸਗੋਂ ਪੰਜਾਬ ਦੇ ਪੇਂਡੂ ਖੇਡ ਸੱਭਿਆਚਾਰ ਦੀ ਇੱਕ ਵਿਲੱਖਣ ਪਛਾਣ ਬਣ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਜਰਖੜ ਖੇਡਾਂ ਨਾਲ ਹੋਰ ਵੱਡੇ ਪੱਧਰ 'ਤੇ ਜੋੜਨ ਲਈ ਮੀਡੀਆ, ਡਿਜੀਟਲ ਪਲੇਟਫਾਰਮਾਂ ਅਤੇ ਵਿਦੇਸ਼ੀ ਪੰਜਾਬੀ ਸੰਸਥਾਵਾਂ ਦੀ ਮਦਦ ਲਈ ਜਾ ਸਕਦੀ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਜਰਖੜ ਖੇਡਾਂ ਦੀ ਪੂਰੀ ਇਤਿਹਾਸਕ ਯਾਤਰਾ ਨੂੰ ਦਸਤਾਵੇਜ਼ੀ ਰੂਪ ਵਿੱਚ ਸੰਭਾਲਿਆ ਜਾਵੇ ਅਤੇ ਜਰਖੜ ਦੇ ਉੱਘੇ ਖਿਡਾਰੀਆਂ, ਕੋਚਾਂ ਅਤੇ ਖੇਡ ਪ੍ਰਬੰਧਕਾਂ ਦੀਆਂ ਪ੍ਰਾਪਤੀਆਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾਵੇ।

ਮੋਹਣਾ ਜੋਧਾਂ ਨੇ ਕਿਹਾ—ਕਬੱਡੀ ਸਮੇਤ ਹੋਰ ਖੇਡਾਂ ਨੂੰ ਵੀ ਮਿਲੇ ਵੱਡਾ ਮੰਚ

ਪ੍ਰਸਿੱਧ ਕਬੱਡੀ ਪ੍ਰਮੋਟਰ, ਕੈਲੇਫੋਰਨੀਆ ਵੱਸਦੇ ਮਨਮੋਹਣ ਗਰੇਵਾਲ ਮੋਹਣਾ ਜੋਧਾਂ ਨੇ ਕਿਹਾ ਕਿ ਜਰਖੜ ਖੇਡਾਂ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇੱਥੇ ਪੇਂਡੂ ਖੇਤਰ ਦੇ ਨੌਜਵਾਨਾਂ ਨੂੰ ਆਪਣੀ ਖੇਡ ਕਲਾ ਦਿਖਾਉਣ ਲਈ ਵੱਡਾ ਮੰਚ ਮਿਲਦਾ ਹੈ। ਉਨ੍ਹਾਂ ਕਿਹਾ ਕਿ ਜਰਖੜ ਨੂੰ ਸਿਰਫ਼ ਹਾਕੀ ਤੱਕ ਸੀਮਤ ਨਾ ਰੱਖਦਿਆਂ ਕਬੱਡੀ, ਐਥਲੈਟਿਕਸ, ਵਾਲੀਬਾਲ, ਫੁੱਟਬਾਲ ਅਤੇ ਹੋਰ ਪੇਂਡੂ ਖੇਡਾਂ ਨੂੰ ਵੀ ਹੋਰ ਮਜ਼ਬੂਤੀ ਨਾਲ ਜੋੜਿਆ ਜਾਵੇ। ਮੋਹਣਾ ਜੋਧਾਂ ਨੇ ਇਹ ਵੀ ਸੁਝਾਅ ਦਿੱਤਾ ਕਿ ਵਿਦੇਸ਼ਾਂ ਵਿੱਚ ਵੱਸਦੇ ਖੇਡ ਪ੍ਰਮੋਟਰਾਂ ਦਾ ਇੱਕ ਮਜ਼ਬੂਤ ਨੈੱਟਵਰਕ ਤਿਆਰ ਕਰਕੇ ਜਰਖੜ ਖੇਡਾਂ ਲਈ ਸਪਾਂਸਰਸ਼ਿਪ, ਖਿਡਾਰੀਆਂ ਲਈ ਸਹਾਇਤਾ ਅਤੇ ਅੰਤਰਰਾਸ਼ਟਰੀ ਖੇਡ ਸੰਪਰਕ ਵਧਾਏ ਜਾਣ।

ਜਰਖੜ ਖੇਡਾਂ ਦੇ ਪ੍ਰਬੰਧਕ ਹਮੇਸ਼ਾ ਰਿਣੀ ਰਹਿਣਗੇ

ਜਗਰੂਪ ਸਿੰਘ ਜਰਖੜ ਨੇ ਕਿਹਾ ਕਿ ਜਰਖੜ ਖੇਡਾਂ ਦੀ ਸਫ਼ਲਤਾ ਕਿਸੇ ਇੱਕ ਵਿਅਕਤੀ ਦੀ ਨਹੀਂ, ਸਗੋਂ ਹਜ਼ਾਰਾਂ ਖੇਡ ਪ੍ਰੇਮੀਆਂ, ਖਿਡਾਰੀਆਂ, ਕੋਚਾਂ, ਪ੍ਰਬੰਧਕਾਂ, ਪ੍ਰਵਾਸੀ ਪੰਜਾਬੀਆਂ ਅਤੇ ਸਹਿਯੋਗੀਆਂ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਵਿੱਚ ਵੱਸਦੇ ਪੰਜਾਬੀਆਂ ਨੇ ਹਰ ਮੁਸ਼ਕਲ ਸਮੇਂ ਜਰਖੜ ਖੇਡਾਂ ਅਤੇ ਹਾਕੀ ਅਕੈਡਮੀ ਦਾ ਸਾਥ ਦਿੱਤਾ ਹੈ। ਇਨ੍ਹਾਂ ਸ਼ਖ਼ਸੀਅਤਾਂ ਵੱਲੋਂ ਹਰ ਸਾਲ ਜਰਖੜ ਖੇਡਾਂ ਦੀ ਸਫ਼ਲਤਾ ਲਈ ਦਿੱਤਾ ਜਾਂਦਾ ਸਹਿਯੋਗ ਅਤੇ ਉਸਾਰੂ ਮਾਰਗਦਰਸ਼ਨ ਜਰਖੜ ਖੇਡਾਂ ਦੀ ਤਾਕਤ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖ